ਇੰਡੋ-ਕੈਨੇਡੀਅਨ
# ਆਵਾਜ਼
INDO-CANADIAN AWAAZ WEEKLY NEWSPAPER

13-February-2026 | Tel: 604-502-6100 | Volume: 35 | Number: 07




# ਬੀਸੀ ਵਿੱਚ ਗੋਲੀਬਾਰੀ: ਕੈਨੇਡਾ ਦੇ ਇਤਿਹਾਸ ਦੀਆਂ ਭਿਆਨਕ ਸਕੂਲੀ ਘਟਨਾਵਾਂ ਵਿੱਚੋਂ ਇੱਕ




**ਔਟਵਾ, 12 ਫਰਵਰੀ:-**ਬੀਸੀ ਦੇ ਟੰਬਲਰ ਰਿੱਜ ਸੈਕੰਡਰੀ ਸਕੂਲ ਵਿੱਚ ਮੰਗਲਵਾਰ ਨੂੰ ਹੋਈ ਗੋਲੀਬਾਰੀ ਕੈਨੇਡਾ ਦੇ ਇਤਿਹਾਸ ਵਿੱਚ ਸਕੂਲਾਂ ਵਿੱਚ ਹੋਈਆਂ ਸਭ ਤੋਂ ਭਿਆਨਕ ਘਟਨਾਵਾਂ ਵਿੱਚੋਂ ਇੱਕ ਬਣ ਗਈ ਹੈ। ਇਸ ਹਮਲੇ ਵਿੱਚ ਸਕੂਲ ਅਤੇ ਇੱਕ ਘਰ ਨੂੰ ਮਿਲਾ ਕੇ ਕੁੱਲ 09 ਲੋਕ ਮਾਰੇ ਗਏ, ਜਿਸ ਵਿੱਚ ਸ਼ੱਕੀ ਹਮਲਾਵਰ ਵੀ ਸ਼ਾਮਿਲ ਹੈ। ਪਿਛਲੇ ਦਸ ਸਾਲਾਂ ਵਿੱਚ ਕੈਨੇਡਾ ਦੇ ਸਕੂਲਾਂ ਵਿੱਚ ਹੋਈਆਂ ਸਮੂਹਕ ਗੋਲੀਬਾਰੀ ਦੀਆਂ ਘਟਨਾਵਾਂ ’ਤੇ ਝਾਤ ਮਾਰੀਏ ਤਾਂ ਪਤਾ ਲੱਗਦਾ ਹੈ ਕਿ:

2026 ਟੰਬਲਰ ਰਿੱਜ, ਬੀਸੀ: ਟੰਬਲਰ ਰਿੱਜ ਵਿੱਚ ਹੋਈ ਗੋਲੀਬਾਰੀ ਵਿੱਚ 9 ਲੋਕ ਮਾਰੇ ਗਏ ਅਤੇ ਘੱਟੋ-ਘੱਟ 25 ਹੋਰ ਜ਼ਖ਼ਮੀ ਹੋਏ। ਛੇ ਵਿਅਕਤੀ ਸਕੂਲ ਦੇ ਅੰਦਰ ਮ੍ਰਿਤਕ ਮਿਲੇ ਅਤੇ ਇੱਕ ਹਸਪਤਾਲ ਜਾਂਦੇ ਸਮੇਂ ਦਮ ਤੋੜ ਗਿਆ। ਦੋ ਹੋਰ ਲੋਕ ਇੱਕ ਘਰ ਵਿੱਚ ਮ੍ਰਿਤਕ ਪਾਏ ਗਏ। ਸ਼ੱਕੀ ਹਮਲਾਵਰ ਨੇ ਖ਼ੁਦਕੁਸ਼ੀ ਕਰ ਲਈ।

2016 ਵਿਚ ਲਾ ਲੌਸ਼ ਹਾਈ ਸਕੂਲ, ਸਸਕੈਚਵਨ:

ਰੈਂਡਨ ਡਕੋਟਾ ਫ਼ੌਂਟੇਨ ਨੇ ਆਪਣੇ ਦੋ ਕਜ਼ਨ ਭਰਾਵਾਂ ਨੂੰ ਗੋਲੀ ਮਾਰ ਕੇ ਮਾਰ ਦਿੱਤਾ ਅਤੇ ਫਿਰ ਸਕੂਲ ਦੇ ਇੱਕ ਅਧਿਆਪਕ ਅਤੇ ਅਧਿਆਪਕ ਦੀ ਸਹਾਇਕ ਨੂੰ ਮਾਰ ਦਿੱਤਾ।

2013: ਲੈਸ ਰੇਸੀਨ ਡਅ ਵੀ ਮੋਂਟੈਸਰੀ, ਗੈਟੀਨੋਂ, ਕਿਊਬੈਕ

5 ਅਪ੍ਰੈਲ 2023 ਨੂੰ ਸਕੂਲ ਦੇ ਡੇਅਕੇਅਰ ਵਿੱਚ ਗੋਲੀਬਾਰੀ ਹੋਈ। ਸ਼ੂਟਰ ਦੀ ਪਛਾਣ ਰੌਬਰਟ ਸ਼ਾਰੌਨ ਵੱਜੋਂ ਹੋਈ। 38 ਸਾਲ ਦੇ ਨੀਲ ਗੈਲੋਂ ਦੇ ਕਤਲ ਤੋਂ ਬਾਅਦ ਸ਼ਾਰੌਨ ਨੇ ਖ਼ੁਦਕਸ਼ੀ ਕਰ ਲਈ। ਸ਼ਾਰੌਨ ਨੇ ਗੋਲੀਆਂ ਚਲਾਉਣ ਤੋਂ ਪਹਿਲਾਂ ਸਟਾਫ਼ ਨੂੰ 53 ਬੱਚਿਆਂ ਨੂੰ ਸੁਰੱਖਿਅਤ ਥਾਂ ‘ਤੇ ਲਿਜਾਣ ਲਈ ਆਖਿਆ ਸੀ।

2012: ਯੂਨੀਵਰਸਿਟੀ ਆਫ਼ ਐਲਬਰਟਾ, ਐਡਮੰਟਨ

ਟ੍ਰੈਵਿਸ ਬੌਮਗਾਰਟਨਰ ਨੇ 15 ਜੂਨ 2012 ਵਿਚ ਯੂਨੀਵਰਸਿਟੀ ਕੈਂਪਸ ਵਿੱਚ ਡਕੈਤੀ ਦੌਰਾਨ ਆਪਣੇ ਚਾਰ ਸਹਿ-ਕਰਮੀਆਂ ਨੂੰ ਗੋਲੀ ਮਾਰੀ, ਜਿਹਨਾਂ ਵਿੱਚੋਂ ਤਿੰਨ ਮਾਰੇ ਗਏ। ਜੁਰਮ ਕਬੂਲਣ ਤੋਂ ਬਾਅਦ ਉਸਨੂੰ 40 ਸਾਲ ਦੀ ਸਜ਼ਾ ਸੁਣਾਈ ਗਈ। *(ਬਾਕੀ ਸਫਾ 02 ‘ਤੇ)*









# ਲੀਡਰਸ਼ਿਪ ਜੋ ਬੀ.ਸੀ. ਨੂੰ ਅੱਗੇ ਵਧਾਉਂਦੀ ਹੈ









**ਜੇਸਨ** ਮੈਕਡੈਨੀਅਲ ਸਿਰਫ਼ ਆਈ.ਸੀ.ਬੀ.ਸੀ. ਦੇ ਪ੍ਰਧਾਨ ਅਤੇ ਸੀ.ਈ.ਓ. ਦੀ ਭੂਮਿਕਾ ਵਿੱਚ ਕਦਮ ਨਹੀਂ ਰੱਖ ਰਹੇ ਸਗੋਂ ਉਹ ਪੁੱਜਤਯੋਗ ਇੰਸ਼ੋਰੈਂਸ ਪ੍ਰਦਾਨ ਕਰਨ, ਗਾਹਕਾਂ ਦੀਆਂ ਆਸਾਂ ਨੂੰ ਪੂਰਾ ਕਰਨ ਅਤੇ ਵਧੇਰੇ ਇਕਸਾਰ ਅਨੁਭਵ ਪ੍ਰਦਾਨ ਕਰਨ ਲਈ ਜਵਾਬਦੇਹੀ ਕਰ ਰਹੇ ਹਨ। ਆਧੁਨਿਕੀਕਰਨ ‘ਤੇ ਧਿਆਨ ਕੇਂਦਰਿਤ ਕਰਦੇ ਹੋਏ, ਮੈਕਡੈਨੀਅਲ ਆਈ.ਸੀ.ਬੀ.ਸੀ. ਵਿਖੇ ਇੱਕ ਨਵੇਂ ਯੁੱਗ ਲਈ ਮੰਚ ਸਥਾਪਤ ਕਰ ਕਰੇ।

ਮੈਕਡੈਨੀਅਲ ਨੇ ਕਿਹਾ “ਬੀ.ਸੀ. ਵਿੱਚ ਜੀਵਨ ਵਿਕਸਤ ਹੋ ਰਿਹਾ ਹੈ, ਅਤੇ ਆਈ.ਸੀ.ਬੀ.ਸੀ. ਹੁਣ ਨਾਲ ਨਾਲ ਨਿਭ ਰਹੀ ਹੈ - ਪਰ ਅਸੀਂ ਹੋਰ ਵੀ ਕੁਝ ਕਰ ਸਕਦੇ ਹਾਂ,”

ਮੈਕਡੈਨੀਅਲ ਕਿਹਾ। ਉਸਦਾ ਧਿਆਨ? ਡਰਾਈਵਰ ਲਾਇਸੈਂਸਿੰਗ ਅਤੇ ਕਲੇਮਾਂ ਦੇ ਤਜ਼ਰਬੇ ਦੀਆਂ ਸੀਮਾਵਾਂ ਨੂੰ ਅੱਗੇ ਵਧਾਓ ਤਾਂ ਜੋ ਉਹ ਸੌਖਾਲੇ, ਸੁਵਿਧਾਜਨਕ ਹੋਣ, ਅਤੇ ਅੱਜ ਦੀਆਂ ਜ਼ਰੂਰਤਾਂ ਨੂੰ ਪੂਰਿਆਂ ਕਰਦੇ ਹੋਣ।

ਬਹੁਤੇ ਲੋਕਾਂ ਲਈ, ਆਟੋ ਇੰਸ਼ੋਰੈਂਸ ਇੱਕ ਅਜਿਹੀ ਚੀਜ਼ ਹੈ ਜਿਸ ਬਾਰੇ ਉਹ ਕਦੇ ਹੀ ਸੋਚਦੇ ਜਦੋਂ ਤੱਕ ਕਿ ਉਹਨਾਂ ਨੂੰ ਇਸਦੀ ਜ਼ਰੂਰਤ ਨਹੀਂ ਪੈ ਜਾਂਦੀ। ICBC ਦਾ ਦਾ ਇਹ ਮੁੱਖ ਫੋਕਸ ਹੈ। ਆਈ.ਸੀ.ਬੀ.ਸੀ. ਆਪਣੇ ਉਤਪਾਦਾਂ ਅਤੇ ਸੇਵਾਵਾਂ ਨੂੰ ਬੀ.ਸੀ. ਵਿੱਚ ਰਹਿਣ ਵਾਲਿਆਂ ਦੀਆਂ ਜ਼ਰੂਰਤਾਂ ਦੇ ਅਨੁਸਾਰ, ਆਧੁਨਿਕ ਬਣਾ ਰਿਹਾ ਹੈ ਤਾਂ ਜੋ ਸਾਰੇ ਡਰਾਈਵਰਾਂ ਲਈ ਵਧੇਰੇ ਪਹੁੰਚਯੋਗ ਬਣ ਸਕਣ।

**ਇਹ ਹੈ ਜੋ ਅਸੀਂ ਸੇਵਾਵਾਂ ਨੂੰ ਬਿਹਤਰ ਬਣਾਉਣਾ ਲਈ ਪਹਿਲਾਂ ਕੀ ਕਰ ਰਹੇ ਹਾਂ:**

**ਕਾਊਂਟਰ ਤੋਂ ਲੈ ਕੇ ਕਲਿੱਕ ਕਰਨ ਤੱਕ: ਆਨਲਾਈਨ ਸੇਵਾਵਾਂ ਦਾ ਵਿਸਤਾਰ**

ICBC ਦੇ ਆਧੁਨਿਕੀਕਰਨ ਦਾ ਇੱਕ ਮੁੱਖ ਹਿੱਸਾ ਲੋਕਾਂ ਲਈ ਆਪਣੀਆਂ ਸੇਵਾਵਾਂ ਨਾਲ ਦੂਰ ਤੋਂ ਜੁੜਨਾ ਸੌਖਾ ਬਣਾਉਣ ‘ਤੇ ਕੇਂਦ੍ਰਿਤ ਕਰਦਾ ਹੈ। ਡਰਾਈਵਰ ਹੁਣ ਿਛਭਛ ਤੱਕ ਪਹੁੰਚ ਕਰ ਸਕਦੇ ਹਨ, ਜੋ ਕਿ ਇੱਕ ਔਨਲਾਈਨ ਪੋਰਟਲ ਹੈ ਜੋ ਸਾਰੀਆਂ 23 ਿਛਭਛ ਡਿਜੀਟਲ ਸੇਵਾਵਾਂ ਨੂੰ ਇਕੋ ਸਿੰਗਲ ਸਾਈਨ-ਇਨ ‘ਚ ਇਕੱਠਿਆਂ ਕਰਦਾ ਹੈ।

**ਘੱਟ ਗੱਡੀ ਚਲਾਓ, ਵਧੇਰ ਬੱਚਤ ਕਰੋ -ਵਰਤੋਂ ਅਧਾਰਤ ਇੰਸ਼ੋਰੈਂਸ ਰਾਹੀਂ ਹੋਰ ਬੱਚਤ ਕਰੋ**

ਜਿਵੇਂ-ਜਿਵੇਂ ਬੀ.ਸੀ. ਦੀ ਆਬਾਦੀ ਵਧਦੀ ਹੈ, ਸੜਕ ‘ਤੇ ਵਾਹਨਾਂ ਦੀ ਗਿਣਤੀ ਵੀ ਵਧਦੀ ਹੈ। ਇਹ ਵਧੇਰੇ ਭੀੜ-ਭੜੱਕੇ, ਉੱਚ ਦੁਰਘਟਨਾ ਜੋਖਮਾਂ ਅਤੇ ਵਧੇ ਹੋਏ ਗ੍ਰੀਨਹਾਊਸ ਗੈਸ ਨਿਕਾਸ ਦੇ ਨਾਲ ਇੱਕ ਹੋਰ ਗੁੰਝਲਦਾਰ ਗਤੀਸ਼ੀਲਤਾ ਵਾਤਾਵਰਣ ਬਣਾ ਰਿਹਾ ਹੈ। ਸੜਕ ਸੁਰੱਖਿਆ ਨੂੰ ਬਿਹਤਰ ਬਣਾਉਣ ਲਈ, ICBC ਨੇ ਘੱਟ ਗੱਡੀ ਚਲਾਉਣ ਵਾਲੇ ਡਰਾਈਵਰਾਂ ਲਈ ਵਰਤੋਂ-ਅਧਾਰਤ ਇੰਸ਼ੋਰੈਂਸ ਛੋਟਾਂ ਪੇਸ਼ ਕੀਤੀਆਂ ਹਨ।

**ਗ੍ਰੈਜੂਏਟਿਡ ਲਾਇਸੈਂਸਿੰਗ ਪ੍ਰੋਗਰਾਮ ਨੂੰ ਆਧੁਨਿਕ ਬਣਾਉਣਾ**

ICBC ਗ੍ਰੈਜੂਏਟਿਡ ਲਾਇਸੈਂਸਿੰਗ ਪ੍ਰੋਗਰਾਮ (ਘ.ਲਫ) ਨੂੰ ਆਧੁਨਿਕ ਬਣਾਉਣ ਲਈ ਸੂਬਾਈ ਸਰਕਾਰ ਨਾਲ ਕੰਮ ਕਰ ਰਹੀ ਹੈ, ਜਿਸ ਵਿੱਚ 25 ਸਾਲਾਂ ਤੋਂ ਵੱਧ ਸਮੇਂ ਵਿੱਚ ਕੋਈ ਵੱਡਾ ਅਪਡੇਟ ਨਹੀਂ ਦੇਖਿਆ ਗਿਆ ਹੈ। ਨਿਯਮੀ ਤਬਦੀਲੀਆਂ ਦੀ ਮਨਜ਼ੂਰੀ ਵਿਚਾਰ ਅਧੀਨ ਹੁੰਦਿਆਂ ਹੋਇਆਂ, ਤਬਦੀਲੀਆਂ ਕਲਾਸ 5 ਲਾਇਸੈਂਸ ਪ੍ਰਾਪਤ ਕਰਨ ਲਈ ਦੂਜੇ ਰੋਡ ਟੈਸਟ ਦੀ ਜ਼ਰੂਰਤ ਨੂੰ ਹਟਾ ਕੇ ਪ੍ਰਕਿਰਿਆ ਨੂੰ ਸਰਲ ਬਣਾਉਣਗੀਆਂ।

ਇਹ ਤਬਦੀਲੀਆਂ ਨਵੇਂ ਡਰਾਈਵਰਾਂ ਲਈ ਡਰਾਈਵਿੰਗ ਮਨਾਹੀਆਂ ਦੀ ਮਿਆਦ ਵਧਾ ਕੇ ਸੜਕਾਂ ਨੂੰ ਸੁਰੱਖਿਅਤ ਕਰਨ ‘ਚ ਸਹਿਯੋਗ ਕਰਨਗੀਆਂ, ਜਦੋਂ ਕਿ ਪੇਂਡੂ ਅਤੇ ਆਦਿਵਾਸੀ ਕਮਿਊਨਿਟੀਆਂ ਵਿੱਚ ਡਰਾਈਵਰਾਂ ਲਈ ਪਹੁੰਚਯੋਗਤਾ ਵਧਾਉਣਗੀਆਂ।







**ਗਾਹਕਾਂ ਨੂੰ ਸਭ ਤੋਂ ਅੱਗੇ ਰੱਖ ਕੇ ਬਦਲਾਅ ਲਿਆਉਣਾ**

ਇਹ ਪਹਿਲਕਦਮੀਆਂ ਸਿਰਫ਼ ਸ਼ੁਰੂਆਤ ਹਨ। ਜੇਸਨ ਮੈਕਡੈਨੀਅਲ ਦੀ ਅਗਵਾਈ ਹੇਠ, ਿਛਭਛ ਇੰਸ਼ੋਰੈਂਸ ਦਾ ਇੱਕ ਅਜਿਹਾ ਅਨੁਭਵ ਬਣਾਉਣ ਲਈ ਵਚਨਬੱਧ ਹੈ ਜੋ ਸਰਲ, ਪਹੁੰਚਯੋਗ ਅਤੇ ਭਵਿੱਖ ਲਈ ਤਿਆਰ ਹੋਵੇ।

ਅੱਗੇ ਦਾ ਰਸਤਾ ਨੀਤੀਆਂ ਅਤੇ ਪ੍ਰੀਮੀਅਮਾਂ ਤੋਂ ਵੱਧ ਹੈ - ਇਹ ਮਨ ਦੀ ਸ਼ਾਂਤੀ, ਸਹੂਲਤ, ਅਤੇ ਅਜਿਹੇ ਹੱਲ ਬਣਾਉਣਾ ਹੈ ਜੋ ਬੀ.ਸੀ. ਵਿੱਚ ਹਰ ਡਰਾਈਵਰ ਦੇ ਜੀਵਨ ਦੇ ਅਨੁਕੂਲ ਹੋਣ। ਭਾਵੇਂ ਤੁਸੀਂ ਆਨਲਾਈਨ ਰੀਨਿਊ ਕਰ ਰਹੇ ਹੋ, ਵਰਤੋਂ-ਅਧਾਰਤ ਬੀਮੇ ਰਾਹੀਂ ਬੱਚਤ ਕਰ ਰਹੇ ਹੋ, ਜਾਂ ਉਨ੍ਹਾਂ ਦਰਾਂ ਦਾ ਆਨੰਦ ਮਾਣ ਰਹੇ ਹੋ ਜੋ ਸਹੀ ਰੂਪ ‘ਚ ਤੁਹਾਨੂੰ ਅਤੇ ਤੁਹਾਡੇ ਵਾਹਨ ਨੂੰ ਪ੍ਰਗਟਾਉਂਦੀਆਂ ਹਨ, ਿਛਭਛ ਤੁਹਾਨੂੰ ਧਿਆਨ ‘ਚ ਰੱਖ ਕੇ ਹੀ ਤਬਦੀਲੀਆਂ ਕਰ ਰਹੀ ਹੈ।

ਇਹ ICBC ਲਈ ਇੱਕ ਨਵਾਂ ਯੁੱਗ ਹੈ — ਅਤੇ ਇਹ ਹੁਣ ਸ਼ੁਰੂ ਹੁੰਦਾ ਹੈ।



# ਸਿਐਟਲ 'ਚ ਪੁਲਿਸ ਦੀ ਗੱਡੀ ਨਾਲ ਹੋਈ ਜਹਾਨਵੀ ਕੰਦੂਲਾ ਦੀ ਮੌਤ ਦਾ ਮੁੱਲ 29 ਮਿਲੀਅਨ ਡਾਲਰ ਪਿਆ

**ਸਿਐਟਲ, 12 ਫਰਵਰੀ:–**ਅਮਰੀਕਾ ਵਿਚ ਭਾਰਤੀ ਮੁਟਿਆਰ ਦੀ ਦਰਦਨਾਕ ਮੌਤ ਮਗਰੋਂ ਮੁਆਵਜ਼ੇ ਦੀ ਮੰਗ ਕਰ ਰਹੀ ਵਿਧਵਾ ਮਾਂ ਨੂੰ ਵੱਡੀ ਜਿੱਤ ਹਾਸਲ ਹੋਈ ਜਦੋਂ ਸਿਐਟਲ ਸ਼ਹਿਰ ਨੇ 29 ਮਿਲੀਅਨ ਡਾਲਰ ਦੀ ਰਕਮ ਅਦਾ ਕਰਨ ਬਾਰੇ ਸਹਿਮਤੀ ਦੇ ਦਿਤੀ। ਜਾਹਨਵੀ ਕੰਦੂਲਾ ਦੀ ਵਿਧਵਾ ਮਾਂ ਨੇ ਸਿਟੀ ਅਤੇ ਸਿਐਟਲ ਪੁਲਿਸ ਦੇ ਸਾਬਕਾ ਅਫ਼ਸਰ ਕੈਵਿਨ ਡੇਵ ਵਿਰੁੱਧ ਮੁਕੱਦਮਾ ਦਾਇਰ ਕਰਦਿਆਂ 110 ਮਿਲੀਅਨ ਡਾਲਰ ਹਰਜਾਨਾ ਮੰਗਿਆ ਜਿਨ੍ਹਾਂ ਦਾ ਕਹਿਣਾ ਸੀ ਕਿ ਮੌਤ ਤੋਂ ਪਹਿਲਾਂ ਉਨ੍ਹਾਂ ਦੀ ਬੇਟੀ ਨੂੰ ਜਿਥੇ ਅੰਤਾਂ ਦਾ ਦਰਦ ਬਰਦਾਸ਼ਤ ਕਰਨਾ ਪਿਆ, ਉਥੇ ਹੀ ਦਹਿਸ਼ਤ ਭਰੇ ਮਾਹੌਲ ਵਿਚ ਉਸ ਨੇ ਦਮ ਤੋੜਿਆ।

ਜਾਹਨਵੀ ਕੰਦੂਲਾ ਦੀ ਸੜਕ ਹਾਦਸੇ ਦੌਰਾਨ ਗਈ ਸੀ ਜਾਨ ਦੱਸ ਦੇਈਏ ਕਿ 23 ਜਨਵਰੀ 2023 ਨੂੰ ਵਾਪਰੇ ਹਾਦਸੇ ਦੌਰਾਨ ਸਿਐਟਲ ਪੁਲਿਸ ਦਾ ਕੈਵਿਨ ਡੇਵ ਆਪਣੀ ਕਰੂਜ਼ਰ ਵਿਚ 119 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਜਾ ਰਿਹਾ ਸੀ ਅਤੇ ਐਮਰਜੰਸੀ ਲਾਈਟਾਂ ਵੀ ਨਹੀਂ ਸਨ ਚੱਲ ਰਹੀਆਂ। ਸਿਐਟਲ ਪੁਲਿਸ ਦੇ ਜਵਾਬਦੇਹੀ ਦਫ਼ਤਰ ਦੀ ਪੜਤਾਲ ਮੁਤਾਬਕ ਕੈਵਿਨ ਡੇਵ ਨੇ ਚਾਰ ਵਿਭਾਗੀ ਨੀਤੀਆਂ ਦੀ ਉਲੰਘਣਾ ਕੀਤੀ। ਸਿਐਟਲ ਪੁਲਿਸ ਦੀ ਕਾਰਜਕਾਰੀ ਮੁਖੀ ਸੂ ਰਾਹਰ ਨੇ ਕਿਹਾ, ''ਸਾਡਾ ਮੰਨਣਾ ਹੈ ਕਿ ਓਵਰਡੋਜ਼ ਦੇ ਇਕ ਸੰਭਾਵਤ ਪੀੜਤ ਦੀ ਮਦਦ ਵਾਸਤੇ ਜਾ ਰਹੇ ਪੁਲਿਸ ਅਫਸਰ ਦਾ ਇਰਾਦਾ ਕਿਸੇ ਨੂੰ ਨੁਕਸਾਨ ਪਹੁੰਚਾਉਣਾ ਨਹੀਂ ਸੀ ਪਰ ਖਤਰਨਾਕ ਤਰੀਕੇ ਨਾਲ ਗੱਡੀ ਚਲਾਉਂਦਿਆਂ ਜਾਨਲੇਵਾ ਹਾਦਸੇ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।'' ਕੈਵਿਨ ਡੇਵ ਨੂੰ ਪਿਛਲੇ ਸਾਲ ਸਿਐਟਲ ਪੁਲਿਸ ਵਿਚੋਂ ਬਰਖ਼ਾਸਤ ਕਰ ਦਿਤਾ ਗਿਆ।



ਜਾਹਨਵੀ ਕੰਦੂਲਾ 2021 ਵਿਚ ਅਮਰੀਕਾ ਪੁੱਜੀ ਸੀ ਅਤੇ ਕੁਝ ਸਮਾਂ ਟੈਕਸਸ ਵਿਖੇ ਆਪਣੇ ਇਕ ਰਿਸ਼ਤੇਦਾਰ ਕੋਲ ਰਹਿਣ ਮਗਰੋਂ ਨੌਰਥ ਈਸਟ੍ਰਨ ਯੂਨੀਵਰਸਿਟੀ ਵਿਚ ਦਾਖਲਾ ਲੈ ਲਿਆ। ਜਾਹਨਵੀ ਦੇ ਪਿਤਾ ਪਹਿਲਾਂ ਹੀ ਇਸ ਦੁਨੀਆਂ ਵਿਚ ਨਹੀਂ ਅਤੇ ਮਾਂ ਨੇ ਕਰਜ਼ਾ ਲੈ ਕੇ ਉਸ ਨੂੰ ਅਮਰੀਕਾ ਪੜ੍ਹਨ ਭੇਜਿਆ। ਜਾਹਨਵੀ ਪੜ੍ਹਾਈ ਪੂਰੀ ਕਰਨ ਮਗਰੋਂ ਆਪਣੀ ਮਾਂ ਦਾ ਬੋਝ ਹਲਕਾ ਕਰਨਾ ਚਾਹੁੰਦੀ ਸੀ ਪਰ ਸਭ ਕੁਝ ਖੇਰੂੰ ਖੇਰੂੰ ਹੋ ਗਿਆ।

ਸਿਐਟਲ ਪੁਲਿਸ ਦੇ ਅਫ਼ਸਰ ਨੇ ਸੜਕ ਪਾਰ ਕਰਦੀ ਜਾਹਨਵੀ ਨੂੰ ਮਾਰੀ ਸੀ ਟੱਕਰ ਜਾਹਨਵੀ ਕੰਦੂਲਾ ਮਾਮਲੇ ਵਿਚ ਕੈਵਿਨ ਡੇਵ ਦੀ ਬਰਖਾਸਤਗੀ ਤੋਂ ਪਹਿਲਾਂ ਉਸ ਪੁਲਿਸ ਅਫ਼ਸਰ ਨੂੰ ਵੀ ਬਰਖਾਸਤ ਕੀਤਾ ਜਾ ਚੁੱਕਾ ਹੈ ਜੋ ਜਾਹਨਵੀ ਦੀ ਮੌਤ ਦੀ ਖਬਰ ਸੁਣ ਕੇ ਤਾੜੀ ਮਾਰ ਕੇ ਹੱਸਿਆ। ਸਿਐਟਲ ਪੁਲਿਸ ਦੀ ਕਾਰਜਕਾਰੀ ਮੁਖੀ ਸੂ ਰਾਹਰ ਨੇ ਇਕ ਵਿਭਾਗੀ ਈਮੇਲ ਵਿਚ ਕਿਹਾ ਕਿ ਡੈਨੀਅਲ ਔਡਰਰ ਦੇ ਸ਼ਬਦਾਂ ਨਾਲ ਜਾਹਨਵੀ ਦੇ ਪਰਵਾਰ ਨੂੰ ਡੂੰਘੀ ਸੱਟ ਵੱਜੀ ਅਤੇ ਇਹ ਘਟਨਾ ਪੂਰੇ ਪੁਲਿਸ ਮਹਿਕਮੇ ਲਈ ਨਮੋਸ਼ੀ ਦਾ ਕਾਰਨ ਬਣੀ। ਸੂ ਨੇ ਕਿਹਾ ਕਿ ਪੁਲਿਸ ਮਹਿਕਮੇ ਦੀ ਮੁਖੀ ਹੋਣ ਦੇ ਨਾਤੇ ਉਨ੍ਹਾਂ ਦਾ ਫਰਜ਼ ਬਣਦਾ ਹੈ ਕਿ ਲੋਕਾਂ ਦੇ ਵਿਸ਼ਵਾਸ ਨੂੰ ਖੋਰਾ ਨਾ ਲੱਗੇ ਜਿਸ ਦੇ ਮੱਦੇਨਜ਼ਰ ਔਡਰਰ ਨੂੰ ਬਰਖਾਸਤ ਕਰ ਦਿਤਾ ਗਿਆ। ਇਥੇ ਇਹ ਵੀ ਦੱਸਣਾ ਬਣਦਾ ਹੈ ਬੌਡੀ ਕੈਮਰੇ ਵਿਚ ਰਿਕਾਰਡ ਵੀਡੀਓ ਕਲਿੱਪ ਵਿਚ ਪੁਲਿਸ ਅਫਸਰ ਡੈਨੀਅਲ ਔਡਰਰ ਨੂੰ ਇਹ ਕਹਿੰਦਿਆਂ ਸਾਫ ਸੁਣਿਆ ਜਾ ਸਕਦਾ ਹੈ ਕਿ ਮਰਨ ਵਾਲੀ ਕੁੜੀ ਦੀ ਕੋਈ ਅਹਿਮੀਅਤ ਨਹੀਂ ਸੀ। ਇਤਰਾਜ਼ਯੋਗ ਟਿੱਪਣੀ ਕਰਨ ਵਾਲਾ ਡੈਨੀਅਲ ਔਡਰਰ ਉਸ ਵੇਲੇ ਸਿਐਟਲ ਦੇ ਪੁਲਿਸ ਅਫਸਰਾਂ ਦੀ ਜਥੇਬੰਦੀ ਦਾ ਮੀਤ ਪ੍ਰਧਾਨ ਸੀ ਅਤੇ ਉਹ ਫੋਨ 'ਤੇ ਜਥੇਬੰਦੀ ਦੇ ਪ੍ਰਧਾਨ ਮਾਈਕ ਸੋਲਨ ਨਾਲ ਗੱਲ ਕਰ ਰਿਹਾ ਸੀ। ਫੋਨ 'ਤੇ ਗੱਲ ਕਰਦਿਆਂ ਉਹ ਕਹਿੰਦਾ ਹੈ ਕਿ 11 ਹਜ਼ਾਰ ਡਾਲਰ ਦਾ ਚੈਕ ਤਿਆਰ ਕਰੋ, ਕੁੜੀ ਦੀ ਉਮਰ ਤਕਰੀਬਨ 26 ਸਾਲ ਸੀ। ਔਡਰਰ ਇਹ ਵੀ ਕਹਿੰਦਾ ਹੈ ਕਿ ਹਾਦਸੇ ਲਈ ਜ਼ਿੰਮੇਵਾਰ ਪੁਲਿਸ ਅਫਸਰ 50 ਮੀਲ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਜਾ ਰਿਹਾ ਸੀ ਅਤੇ ਇਕ ਤਜਰਬੇਕਾਰ ਡਰਾਈਵਰ ਵਾਸਤੇ ਇਹ ਕੋਈ ਜ਼ਿਆਦਾ ਰਫ਼ਤਾਰ ਨਹੀਂ। ਦੂਜੇ ਪਾਸੇ ਪੜਤਾਲ ਦੌਰਾਨ ਸਾਹਮਣੇ ਆਇਆ ਕਿ ਜਾਹਨਵੀ ਕੰਦੂਲਾ ਨੂੰ ਟੱਕਰ ਮਾਰਨ ਵਾਲਾ ਪੁਲਿਸ ਅਫਸਰ 25 ਮੀਲ ਪ੍ਰਤੀ ਘੰਟੇ ਦੀ ਰਫ਼ਤਾਰ ਹੱਦ ਵਾਲੇ ਇਲਾਕੇ ਵਿਚ 74 ਮੀਲ ਪ੍ਰਤੀ ਘੰਟਾ ਦੀ ਤੇਜ਼ ਰਫ਼ਤਾਰ ਨਾਲ ਜਾ ਰਿਹਾ ਸੀ। ਜਾਹਨਵੀ ਨੂੰ ਇਨਸਾਫ ਦਿਵਾਉਣ ਲਈ ਲੋਕ ਸੜਕਾਂ 'ਤੇ ਆਏ ਅਤੇ ਨੌਰਥ ਈਸਟ੍ਰਨ ਯੂਨੀਵਰਸਿਟੀ ਨੇ ਵੀ ਵੱਡਾ ਫੈਸਲਾ ਲੈਂਦਿਆਂ ਆਪਣੀ ਵਿਦਿਆਰਥਣ ਨੂੰ ਮਰਨ ਉਪ੍ਰੰਤ ਡਿਗਰੀ ਪ੍ਰਦਾਨ ਕੀਤੀ।

## ਟੰਬਲਰ ਰਿਜ਼ ਗੋਲਾਬਾਰੀ: ਮ੍ਰਿਤਕਾਂ ਚੋਂ 8 ਪੀੜਤਾਂ ਦੀ ਸ਼ਨਾਖਤ



**ਵੈਨਕੂਵਰ, 12 ਫਰਵਰੀ:–**ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਦੇ ਪਹਾੜੀ ਸ਼ਹਿਰ ਟੰਬਲਰ ਰਿਜ਼ ਵਿੱਚ ਹੋਈ ਭਿਆਨਕ ਗੋਲਾਬਾਰੀ ਦੀ ਮੰਦਭਾਗੀ ਘਟਨਾ ਵਿੱਚ ਮਾਰੇ ਗਏ 8 ਲੋਕਾਂ ਦੀ ਪਛਾਣ ਪੁਲਸ ਵੱਲੋਂ ਜਾਰੀ ਕਰ ਦਿੱਤੀ ਗਈ ਹੈ। ਇਸ ਦੁਖਦਾਈ ਘਟਨਾ ਤੋਂ ਬਾਅਦ ਪੂਰੇ ਕੈਨੇਡਾ ਵਿੱਚ ਸੋਗ ਅਤੇ ਸਦਮੇ ਦੀ ਲਹਿਰ ਹੈ। ਪੁਲਸ ਵੱਲੋਂ ਜਾਰੀ ਕੀਤੇ ਬਿਆਨ ਮੁਤਾਬਕ ਅਚਾਨਕ ਹੋਈ ਗੋਲਾਬਾਰੀ ਦੌਰਾਨ ਮਰਨ ਵਾਲਿਆਂ ਵਿੱਚ ਕਈ ਨਾਬਾਲਿਗ ਵੀ ਸ਼ਾਮਲ ਹਨ, ਜਿਸ ਕਾਰਨ ਇਹ ਹਾਦਸਾ ਹੋਰ ਵੀ ਦਰਦਨਾਕ ਬਣ ਗਿਆ ਹੈ। ਪੁਲਸ ਵੱਲੋਂ ਹੁਣ ਤੱਕ ਜਾਰੀ ਕੀਤੇ ਨਾਂਵਾਂ ਵਿੱਚ ਐਬਲ ਮਵਾਂਸਾ, ਏਜ਼ੀਕਿਯਲ ਸਕੋਫੀਲਡ, ਜੋਈ ਬੈਨੁਆ, ਜੈਨੀਫਰ ਜੇਕਬਸ, ਜੈਨੀਫਰ ਸਟਰੈਂਗ, ਐਮਟ ਜੇਕਬਸ ਅਤੇ ਕਾਈਲੀ ਸਮਿਥ ਸ਼ਾਮਲ ਹਨ। ਬਾਕੀ ਪੀੜਤਾਂ ਦੀ ਜਾਣਕਾਰੀ ਵੀ ਪਰਿਵਾਰਕ ਸਹਿਮਤੀ ਤੋਂ ਬਾਅਦ ਜਾਰੀ ਕੀਤੀ ਜਾਵੇਗੀ। ਘਟਨਾ ਤੋਂ ਬਾਅਦ ਸਥਾਨਕ ਸਕੂਲਾਂ, ਦਫ਼ਤਰਾਂ ਅਤੇ ਸਰਕਾਰੀ ਸੰਸਥਾਵਾਂ ਵਿੱਚ ਸ਼ੋਕ ਸਭਾਵਾਂ ਆਯੋਜਿਤ ਕੀਤੀਆਂ ਗਈਆਂ। ਹਜ਼ਾਰਾਂ ਦੀ ਗਿਣਤੀ ਵਿੱਚ ਲੋਕਾਂ ਨੇ ਮੋਮਬੱਤੀਆਂ ਜਗਾ ਕੇ ਮਰਨ ਵਾਲਿਆਂ ਨੂੰ ਸ਼ਰਧਾਂਜਲੀ ਭੇਟ ਕੀਤੀ।


REBAR WORK AT ITS BEST




- BEAM LOG
- POLY
- DAMP ROOFING
- STYROFOAM
- FOUNDATION
- DRIVEWAY, SIDEWALK & GARAGE
- RESIDENTIAL & COMMERCIAL
- FARMHOUSES
- WINDOW WELL



- ਮੁਫਤ ਐਸਟੀਮੇਟ ਲਈ ਫੋਨ ਕਰੋ -
ਸੁਖਵਿੰਦਰ ਸਿੰਘ ਜੋਸਨ
604.250.1686
Email: sukhwinderjosan25@gmail.com



www.josanrebar.ca









ਅਸੀਂ ਪੰਜਾਬ ਇੰਸ਼ੋਰੈਂਸ 'ਤੇ ਤੁਹਾਡੀ ਫੈਮਲੀ ਲਈ ਇੰਡਸਟਰੀ ਦੇ ਸਭ ਤੋਂ ਵਧੀਆ ਪਲੈਨ ਉਪਲੱਬਧ ਕਰਾਉਂਦੇ ਹਾਂ

Ensuring Your Life
Ensuring Your Trust
Punjab Insurance Agency Inc.

#301-8128-128TH ST.
SURREY
WWW.PUNJABINSURANCE.CA

SHERJANG SINGH RANA
604.996.6868

SANDEEP AHUJA CHS
604.996.6862

ਸੁਪਰ ਵੀਜ਼ਾ

ਇੰਡਸਟਰੀ ਦੇ ਸਭ ਤੋਂ ਵਧੀਆ ਫਾਇਦੇ ਵਾਲੇ ਪਲੈਨ ਦੇ ਨਾਲ

| | |
|---|---|
| **Accidental Death & Dismemberment.....** | **$100,000** |
| Follow-up Visits...................................... | **up to $3,000** |
| Accidental Dental .................................. | **up to $3,000** |
| Return of Deceased................................ | **up to $10,000** |

3 months 9 months PRO-RATE REFUNDED IF EARLY RETURN

100% REFUNDABLE IF BY CHANCE VISA DENIED

- ਲਾਈਫ ਇੰਸ਼ੋਰੈਂਸ
- ਕ੍ਰਿਟਿਕਲ ਇਲਨੈਸ ਇੰਸ਼ੋਰੈਂਸ
- ਸਪੈਸ਼ਲ ਡਿਸਅਬਿਲਿਟੀ ਇੰਸ਼ੋਰੈਂਸ ਟੈਕਸੀ ਤੇ ਟ੍ਰੱਕ ਡਰਾਈਵਰਾਂ ਵਾਸਤੇ

ਬਹੁਤ ਹੀ ਵਾਜਿਬ ਪ੍ਰੀਮੀਅਮ ਰੇਟ
Coverage Available from $100,000 to $300,000

- ਵਿਜ਼ਟਰ ਇੰਸ਼ੋਰੈਂਸ
- ਟਰੈਵਲ ਇੰਸ਼ੋਰੈਂਸ
- ਪ੍ਰੋਵਿੰਸ ਤੋਂ ਬਾਹਰ ਕਵਰੇਜ
- ਡੈਂਟਲ ਤੇ ਮੈਡੀਕਲ ਪਲੈਨ

# ਕੈਨੇਡੀਅਨ ਪੁਲਿਸ ਮੁਲਾਜ਼ਮ ਹਰਿੰਦਰ ਸੋਹੀ ਨੂੰ ਕੀਤਾ ਗਿਆ ਡੀਮੋਟ

**ਬਰੈਂਪਟਨ, 11 ਫਰਵਰੀ:**-ਕੈਨੇਡਾ ਦੀ ਪੀਲ ਰੀਜਨਲ ਪੁਲਸ ਦੇ ਸਾਰਜੈਂਟ ਹਰਿੰਦਰ ਸੋਹੀ ਨੂੰ ਨਵੰਬਰ 2024 ਵਿੱਚ ਬਰੈਂਪਟਨ ਦੇ ਹਿੰਦੂ ਸਭਾ ਮੰਦਰ ਦੇ ਬਾਹਰ ਖਾਲਿਸਤਾਨ ਪੱਖੀ ਪ੍ਰਦਰਸ਼ਨ ਵਿੱਚ ਸ਼ਾਮਲ ਹੋਣ ਕਾਰਨ ਸਜ਼ਾ ਵਜੋਂ 6 ਮਹੀਨਿਆਂ ਲਈ ਡਿਮੋਟ ਕਰ ਦਿੱਤਾ ਗਿਆ ਹੈ। ਓਂਟਾਰੀਓ ਪੁਲਸ ਆਰਬਿਟਰੇਸ਼ਨ ਐਂਡ ਐਡਜੂਡੀਕੇਸ਼ਨ ਕਮਿਸ਼ਨ ਨੇ ਫੈਸਲਾ ਸੁਣਾਇਆ ਹੈ ਕਿ ਸੋਹੀ ਨੂੰ 6 ਮਹੀਨਿਆਂ ਲਈ ਫਸਟ ਕਲਾਸ ਕਾਂਸਟੇਬਲ ਦੇ ਰੈਂਕ 'ਤੇ ਰੱਖਿਆ ਜਾਵੇਗਾ। ਇਸ ਮਿਆਦ ਤੋਂ ਬਾਅਦ, ਉਹ ਦੁਬਾਰਾ ਆਪਣੇ ਪੁਰਾਣੇ ਰੈਂਕ ਅਤੇ ਪੂਰੀ ਤਨਖਾਹ 'ਤੇ ਵਾਪਸ ਆ ਜਾਵੇਗਾ।

ਜਾਂਚ ਵਿੱਚ ਪਾਇਆ ਗਿਆ ਕਿ ਅਧਿਕਾਰੀ ਦਾ ਅਜਿਹਾ ਵਿਵਹਾਰ ਪੁਲਸ ਦੀ ਪੇਸ਼ੇਵਰਤਾ ਅਤੇ ਜਨਤਕ ਭਰੋਸੇ ਨੂੰ ਠੇਸ ਪਹੁੰਚਾਉਣ ਵਾਲਾ ਸੀ। ਇਹ ਵੀ ਸਾਹਮਣੇ ਆਇਆ ਕਿ ਸੋਹੀ ਇਸ ਘਟਨਾ ਤੋਂ ਦੋ ਹਫ਼ਤੇ ਪਹਿਲਾਂ ਟੋਰਾਂਟੋ ਵਿੱਚ ਹੋਏ ਇੱਕ ਹੋਰ ਪ੍ਰਦਰਸ਼ਨ ਵਿੱਚ ਵੀ ਸਰਗਰਮ ਸੀ। ਹਿੰਦੂ ਭਾਈਚਾਰੇ ਨੇ ਇਸ ਫੈਸਲੇ ਨੂੰ ਬਹੁਤ ਨਰਮ ਦੱਸਦਿਆਂ ਇਸ ਦੀ ਸਖ਼ਤ ਨਿੰਦਾ ਕੀਤੀ ਹੈ। ਕੈਨੇਡੀਅਨ ਆਰਗੇਨਾਈਜ਼ੇਸ਼ਨ ਫਾਰ ਹਿੰਦੂ ਹੈਰੀਟੇਜ ਐਜੂਕੇਸ਼ਨ ਨੇ ਕਿਹਾ ਕਿ ਸੋਹੀ ਨੂੰ ਦਿੱਤੀ ਗਈ ਇਹ ਮਾਮੂਲੀ ਸਜ਼ਾ ਭਾਈਚਾਰੇ ਦੇ ਮੂੰਹ 'ਤੇ ਚਪੇੜ ਵਾਂਗ ਹੈ। ਉਨ੍ਹਾਂ ਮੰਗ ਕੀਤੀ ਹੈ ਕਿ ਅਜਿਹੇ ਵਿਵਹਾਰ ਲਈ ਅਧਿਕਾਰੀ ਨੂੰ ਨੌਕਰੀ ਤੋਂ ਬਰਖਾਸਤ ਕੀਤਾ ਜਾਣਾ ਚਾਹੀਦਾ ਸੀ। ਜ਼ਿਕਰਯੋਗ ਹੈ ਕਿ ਪਿਛਲੇ ਸਾਲ ਹੋਇਆ ਇਹ ਪ੍ਰਦਰਸ਼ਨ ਹਿੰਸਕ ਹੋ ਗਿਆ ਸੀ ਅਤੇ ਇਸ ਵਿੱਚ ਕੁਝ ਲੋਕਾਂ ਨੇ ਮੰਦਰ ਦੇ ਅੰਦਰ ਦਾਖਲ ਹੋ ਕੇ ਵੀ ਹਮਲਾ ਕੀਤਾ ਸੀ, ਜਿਸ ਕਾਰਨ ਕੈਨੇਡਾ ਵਿੱਚ ਹਿੰਦੂ ਭਾਈਚਾਰੇ ਦੀ ਸੁਰੱਖਿਆ ਨੂੰ ਲੈ ਕੇ ਗੰਭੀਰ ਸਵਾਲ ਖੜ੍ਹੇ ਹੋ ਗਏ ਹਨ।



# ਮੈਕਸਿਕੋ ਨੇ ਮਾਨਵਤਾਵਾਦੀ ਮਦਦ ਨਾਲ ਲੱਦੇ ਦੋ ਬੇੜੇ ਹਵਾਨਾ ਪਹੁੰਚੇ



***ਹਵਾਨਾ, 12 ਫਰਵਰੀ:***-*ਵੀਰਵਾਰ ਨੂੰ ਮਾਨਵਤਾਵਾਦੀ ਮਦਦ ਨਾਲ ਲੱਦੇ ਮੈਕਸੀਕਨ ਨੇਵੀ ਦੇ ਦੋ ਬੇੜੇ ਕਿਊਬਾ ਪਹੁੰਚੇ। ਅਮਰੀਕਾ ਵੱਲੋਂ ਕਿਊਬਾ ਦੀਆਂ ਮੁਸ਼ਕਲਾਂ ਵਧਾ ਦਿੱਤੇ ਜਾਣ ਕਾਰਨ ਇੱਥੇ ਐਨਰਜੀ ਦਾ ਸੰਕਟ ਖੜ੍ਹਾ ਹੋ ਗਿਆ ਹੈ। ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਵੱਲੋਂ ਕਿਊਬਾ ਨੂੰ ਤੇਲ ਵੇਚਣ ਜਾਂ ਮੁਹੱਈਆ ਕਰਵਾਉਣ ਵਾਲੇ ਦੇਸ਼ਾਂ ਖਿਲਾਫ ਕਾਰਵਾਈ ਕਰਨ ਦੀ ਦਿੱਤੀ ਧਮਕੀ ਤੋਂ ਦੋ ਹਫਤੇ ਬਾਅਦ ਇਹ ਬੇੜੇ ਇੱਥੇ ਪਹੁੰਚੇ। ਮੈਕਸਿਕੋ ਦੀ ਸਰਕਾਰ ਨੇ ਦੱਸਿਆ ਕਿ ਇੱਕ ਬੇੜੇ ਵਿੱਚ ਦੁੱਧ, ਚੌਲ, ਰਾਜਮਾ, ਸਾਰਡੀਨਜ਼, ਮੀਟ ਪ੍ਰੋਡਕਟ, ਕੁਕੀਜ਼, ਕੈਨ ਵਾਲੀ ਟੂਨਾ ਤੇ ਵੈਜੀਟੇਬਲ ਆਇਲ ਤੋਂ ਇਲਾਵਾ ਨਿਜੀ ਹਾਈਜੀਨ ਵਾਲੀਆਂ ਚੀਜ਼ਾਂ ਮਿਲਾ ਕੇ 536 ਟੰਨ ਫੂਡ ਹੈ। ਦੂਜੇ ਬੇੜੇ ਵਿੱਚ 277 ਟੰਨ ਪਾਊਡਰ ਮਿਲਕ ਹੈ। ਕਿਊਬਾ ਦੇ ਰਾਸ਼ਟਰਪਤੀ ਮਿਗੁਏਲ ਡਾਇਜ਼ ਕੈਨਲ ਨੇ ਆਖਿਆ ਕਿ ਟਰੰਪ ਦੀਆਂ ਧਮਕੀਆਂ ਕਾਰਨ ਟਰਾਂਸਪੋਰਟੇਸ਼ਨ, ਹਸਪਤਾਲਾਂ, ਸਕੂਲਾਂ, ਟੂਰਿਜ਼ਮ ਤੇ ਫੂਡ ਦਾ ਉਤਪਾਦਨ ਪ੍ਰਭਾਵਿਤ ਹੋਇਆ ਹੈ।*


A TO Z DRIVING SCHOOL

ਅਸੀਂ ਸਿਟੀਜ਼ਨਸ਼ਿੱਪ ਅਤੇ NSC ਦੀ ਤਿਆਰੀ ਤੇ ਟੈਸਟ ਵੀ ਕਰਵਾਉਂਦੇ ਹਾਂ।

ਜੇ ਤੁਸੀਂ ਕਾਰ, ਮੋਟਰਸਾਈਕਲ, ਟਰੱਕ ਅਤੇ ਏਅਰ ਬਰੇਕ ਦਾ ਲਰਨਿੰਗ ਲਾਇਸੈਂਸ ਲੈਣਾ ਚਾਹੁੰਦੇ ਹੋ ਪਰ ਬੁੱਕ ਦੇਖ ਕੇ ਡਰ ਜਾਂਦੇ ਹੋ ਤਾਂ ਘਬਰਾਓ ਨਾ ਅਸੀਂ ਲਰਨਿੰਗ ਲਾਇਸੈਂਸ ਦੀ ਤਿਆਰੀ ਕੰਪਿਊਟਰ ਨਾਲ ਕਰਵਾਉਂਦੇ ਹਾਂ। ਅੰਗਰੇਜ਼ੀ ਘੱਟ ਆਉਂਦੀ ਹੈ ਤਾਂ ਵੀ ਡਰਨ ਦੀ ਲੋੜ ਨਹੀਂ।

ਅਸੀਂ ਲਰਨਿੰਗ ਟੈਸਟ ਦੀ ਤਿਆਰੀ ਲਈ ਆਪ ਪੜ੍ਹਾਉਂਦੇ ਹਾਂ ਅਤੇ ਕੰਪਿਊਟਰ ਨਾਲ ਤਿਆਰੀ ਕਰਵਾਉਣ ਤੋਂ ਬਾਅਦ ਕੰਪਿਊਟਰ 'ਤੇ ਆਪ ਟੈਸਟ ਲੈਂਦੇ ਹਾਂ।

ਲਰਨਿੰਗ ਲਾਇਸੈਂਸ

ਏਅਰ ਬਰੇਕ ਕੋਰਸ ਅਤੇ ਮੈਲਟ ਟਰੱਕ ਦੇ ਲਾਇਸੈਂਸ ਸਮੇਤ ਕਲਾਸ 1 ਤੋਂ ਲੈ ਕੇ ਕਲਾਸ 7 ਤੱਕ ਕੰਪਿਊਟਰ ਨਾਲ ਪੰਜਾਬੀ ਵਿਚ ਲਰਨਿੰਗ ਲਾਇਸੈਂਸ ਦੀ ਤਿਆਰੀ ਕਰਵਾਉਂਦੇ ਹਾਂ। ਹੋਰ ਜਾਣਕਾਰੀ ਲਈ ਹੁਣੇ ਫੋਨ ਕਰੋ:






ਲੱਕੀ (LUCKY)
604-614-5365
#15 8388 128 St, Surrey, BC

ਟੈਕਸੀ / ਲਿਮੋ ਦਾ ਲਰਨਰ ਲਾਇਸੈਂਸ ਲੈਣ ਲਈ ਵੀ ਗਾਈਡ ਕਰਦੇ ਹਾਂ

Estate Home Inspections Inc.
EHI ESTATE HOME INSPECTIONS INC.
Tanveer K. +1 672-338-3441
Ishan G. +1 778-246-5530

HOME INSPECTION SERVICES
DON'T MOVE IN BLIND – LET US BE YOUR SECOND SET OF EYES!






From Roof to Roots, We Inspect It All!
UNBIASED RESULTS
DETAILED REPORTING
CERTIFIED ACCURACY
estatehomeinspectioninc@gmail.com

Sanghera Pressure Wash & Sealer
ਸਾਡੇ ਕੋਲ ਵੱਡੀਆਂ ਬਿਲਡਿੰਗਾਂ, ਟਾਊਨ ਹਾਊਸ ਧੋਣ ਵਾਸਤੇ ਵੱਡੀ ਕਰੇਨ ਹੈ।

* ਫੇਸ਼ੀਆ ਪੇਂਟ
* ਡਰਾਈਵੇਅ ਵਾਸ਼ਿੰਗ ਅਤੇ ਸੀਲਿੰਗ
* ਗਟਰ ਕਲੀਨਿੰਗ ਅਤੇ ਫਿਕਸਿੰਗ
* ਰੂਫ ਅਤੇ ਵਿੰਡੋ ਵਾਸ਼ਿੰਗ
* ਡਾਊਨ ਪਾਇਪ ਰੀਪਲੇਸ
* ਹਾਊਸ ਵਾਸ਼ਿੰਗ
* ਹਰ ਤਰ੍ਹਾਂ ਦੇ ਸਟੋਨ ਸੀਲਿੰਗ
* ਬਲੈਕ ਟਾਪ ਡਰਾਈਵੇ ਸੀਲਿੰਗ
* ਪਾਰਕਿੰਗ ਲੌਟ ਵਾਸ਼ਿੰਗ
* ਰੂਫ ਅਤੇ ਡਰਾਈਵੇਅ ਸੀਲ
* ਹਰ ਤਰ੍ਹਾਂ ਦੀ ਰੂਫ ਸੀਲਿੰਗ
* ਡੈਕ ਅਤੇ ਸੱਨਡੈਕ ਸੀਲਿੰਗ





ਫਰੀ ਐਸਟੀਮੇਟ ਅਤੇ ਤਸਲੀਬਖਸ਼ ਕੰਮ






778-858-6333
Email: sangherapressurewash@hotmail.com

# ਪਿਓ ਨੇ ਗੋਲੀ ਮਾਰ ਕੇ ਆਪਣੀ ਹੀ ਧੀ ਦਾ ਕੀਤਾ ਕਤਲ, ਟਰੰਪ ਉੱਤੇ ਬਹਿਸ ਬਣੀ ਮੌਤ ਦੀ ਵਜ੍ਹਾ!

ਟੈਕਸਾਸ, 11 ਫਰਵਰੀ:-ਅਮਰੀਕਾ ਦੇ ਟੈਕਸਾਸ ਸੂਬੇ ਤੋਂ ਇੱਕ ਬੇਹੱਦ ਰੂਹ ਕੰਬਾਊ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਇੱਕ ਪਿਤਾ ਨੇ ਮਾਮੂਲੀ ਬਹਿਸ ਤੋਂ ਬਾਅਦ ਆਪਣੀ ਹੀ 23 ਸਾਲਾ ਧੀ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਜਾਣਕਾਰੀ ਅਨੁਸਾਰ ਇਹ ਘਟਨਾ ਉਸ ਸਮੇਂ ਵਾਪਰੀ ਜਦੋਂ ਪਿਤਾ ਅਤੇ ਧੀ





ਵਿਚਕਾਰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਲੈ ਕੇ ਤਿੱਖੀ ਬਹਿਸ ਹੋ ਗਈ ਸੀ। ਇਹ ਖ਼ੁਲਾਸਾ ਚੇਸ਼ਾਇਰ ਕੋਰੋਨਰ ਕੋਰਟ ਵਿੱਚ ਚੱਲ ਰਹੀ ਸੁਣਵਾਈ ਦੌਰਾਨ ਹੋਇਆ ਹੈ।

ਮ੍ਰਿਤਕਾ ਦੀ ਪਛਾਣ ਲੂਸੀ ਹੈਰਿਸਨ ਵਜੋਂ ਹੋਈ ਹੈ, ਜੋ ਇੰਗਲੈਂਡ ਦੇ ਵਾਰਿੰਗਟਨ ਦੀ ਰਹਿਣ ਵਾਲੀ ਸੀ ਅਤੇ ਪੇਸ਼ੇ ਤੋਂ ਫੈਸ਼ਨ ਬਾਇਰ ਸੀ। ਲੂਸੀ ਆਪਣੇ ਪਿਤਾ ਕ੍ਰਿਸ ਹੈਰਿਸਨ ਨੂੰ ਮਿਲਣ ਲਈ ਟੈਕਸਾਸ ਗਈ ਸੀ। ਲੂਸੀ ਦੇ ਸਾਥੀ ਕੈਲਮ ਲਿਟਲਰ ਨੇ ਅਦਾਲਤ ਵਿੱਚ ਦੱਸਿਆ ਕਿ ਘਟਨਾ ਵਾਲੇ ਦਿਨ ਸਵੇਰੇ ਪਿਤਾ-ਧੀ ਵਿਚਕਾਰ ਡੋਨਾਲਡ ਟਰੰਪ ਨੂੰ ਲੈ ਕੇ ਕਾਫ਼ੀ ਬਹਿਸ ਹੋਈ ਸੀ। ਲੂਸੀ ਆਪਣੇ ਪਿਤਾ ਕੋਲ ਹਥਿਆਰ ਹੋਣ ਕਾਰਨ ਪਹਿਲਾਂ ਹੀ ਕਾਫ਼ੀ ਪ੍ਰੇਸ਼ਾਨ ਅਤੇ ਅਸਹਿਜ ਮਹਿਸੂਸ ਕਰ ਰਹੀ ਸੀ।

ਜਾਣਕਾਰੀ ਅਨੁਸਾਰ, ਜਦੋਂ ਲੂਸੀ ਵਾਪਸ ਇੰਗਲੈਂਡ ਜਾਣ ਲਈ ਏਅਰਪੋਰਟ ਜਾਣ ਦੀ ਤਿਆਰੀ ਕਰ ਰਹੀ ਸੀ, ਤਾਂ ਉਸ ਦਾ ਪਿਤਾ ਉਸ ਨੂੰ ਫੜ ਕੇ ਹੇਠਲੇ ਬੈਡਰੂਮ ਵਿੱਚ ਲੈ ਗਿਆ। ਲਿਟਲਰ ਨੇ ਦੱਸਿਆ ਕਿ ਕੁਝ ਹੀ ਸੈਕਿੰਡਾਂ ਬਾਅਦ ਗੋਲੀ ਚੱਲਣ ਦੀ ਆਵਾਜ਼ ਆਈ ਅਤੇ ਜਦੋਂ ਉਹ ਕਮਰੇ ਵਿੱਚ ਪਹੁੰਚਿਆ ਤਾਂ ਲੂਸੀ ਦੀ ਛਾਤੀ ਵਿੱਚ ਗੋਲੀ ਲੱਗੀ ਹੋਈ ਸੀ ਅਤੇ ਉਹ ਜ਼ਮੀਨ ’ਤੇ ਡਿੱਗੀ ਪਈ ਸੀ।

ਮੁਲਜ਼ਮ ਪਿਤਾ ਕ੍ਰਿਸ ਹੈਰਿਸਨ ਨੇ ਆਪਣੇ ਬਿਆਨ ਵਿੱਚ ਕਬੂਲ ਕੀਤਾ ਕਿ ਉਸ ਨੇ ਉਸ ਦਿਨ ਲਗਭਗ 500 ਮਿਲੀਲੀਟਰ ਵ੍ਹਾਈਟ ਵਾਈਨ ਪੀਤੀ ਹੋਈ ਸੀ। ਉਸ ਨੇ ਦਾਅਵਾ ਕੀਤਾ ਕਿ ਉਹ ਲੂਸੀ ਨੂੰ ਆਪਣੀ ‘ਘਲੋਚਕ 9ਮਮ’ ਸੈਮੀ-ਆਟੋਮੈਟਿਕ ਪਿਸਤੌਲ ਦਿਖਾ ਰਿਹਾ ਸੀ ਅਤੇ ਅਚਾਨਕ ਗੋਲੀ ਚੱਲ ਗਈ। ਕ੍ਰਿਸ ਨੇ ਇਹ ਵੀ ਮੰਨਿਆ ਕਿ ਉਹ ਪਹਿਲਾਂ ਸ਼ਰਾਬ ਦੀ ਲਤ ਛੱਡਣ ਲਈ ਰੀਹੈਬ (ਨਸ਼ਾ ਛੁਡਾਊ ਕੇਂਦਰ) ਵੀ ਜਾ ਚੁੱਕਾ ਸੀ। ਕ੍ਰਿਸ ਹੈਰਿਸਨ ਨੇ ਅਦਾਲਤ ਵਿੱਚ ਆਪਣੇ ਗੁਨਾਹ ਨੂੰ ਸਵੀਕਾਰ ਕਰਦਿਆਂ ਕਿਹਾ ਹੈ ਕਿ ਉਹ ਮਿਲਣ ਵਾਲੀ ਕਿਸੇ ਵੀ ਸਜ਼ਾ ਲਈ ਤਿਆਰ ਹੈ। ਇਹ ਮਾਮਲਾ ਅਮਰੀਕਾ ਵਿੱਚ ਗਨ ਕਾਨੂੰਨ ਅਤੇ ਨਸ਼ੇ ਦੇ ਮਾੜੇ ਪ੍ਰਭਾਵਾਂ ਨੂੰ ਲੈ ਕੇ ਇੱਕ ਵਾਰ ਫਿਰ ਗੰਭੀਰ ਸਵਾਲ ਖੜ੍ਹੇ ਕਰ ਰਿਹਾ ਹੈ।

# 8000 ਨਵੇਂ ਈਵੀ ਚਾਰਜਰਜ਼ ਇਨਸਟਾਲ ਕਰਨ ਲਈ ਫੈਡਰਲ ਸਰਕਾਰ ਖਰਚੇਗੀ 84 ਮਿਲੀਅਨ ਡਾਲਰ



*ਔਟਵਾ, 10 ਫਰਵਰੀ:-ਭਵਿੱਖ ਦੀਆਂ ਗੱਡੀਆਂ ਦਾ ਕੈਨੇਡਾ ਵਿੱਚ ਹੀ ਨਿਰਮਾਣ ਕਰਨ ਤੇ ਕੈਨੇਡਾ ਦੇ ਆਟੋ ਸੈਕਟਰ ਦੀ ਨੁਹਾਰ ਬਦਲਣ ਦੇ ਇਰਾਦੇ ਨਾਲ ਫੈਡਰਲ ਸਰਕਾਰ ਨੇ ਨਵੀਂ ਆਟੋ ਰਣਨੀਤੀ ਦਾ ਖੁਲਾਸਾ ਕੀਤਾ ਹੈ। ਸਰਕਾਰ ਵੱਲੋਂ ਇਹ ਵਚਨਬੱਧਤਾ ਇੱਕ ਹਫਤੇ ਤੋਂ ਵੀ ਘੱਟ ਸਮੇਂ ਵਿੱਚ ਪੂਰੀ ਕਰਕੇ ਵਿਖਾਈ ਜਾ ਰਹੀ ਹੈ। ਇਸ ਨਵੀਂ ਆਟੋ ਰਣਨੀਤੀ ਦੇ ਹਿੱਸੇ ਵਜੋਂ ਫੈਡਰਲ ਸਰਕਾਰ ਵੱਲੋਂ ਨਵੀਂ ਈਵੀ ਕੰਜ਼ਿਊਮਰ ਛੋਟ ਲਾਂਚ ਕੀਤੀ ਜਾ ਰਹੀ ਹੈ। ਇਸ ਤਹਿਤ ਬੈਟਰੀ ਇਲੈਕਟ੍ਰਿਕ ਤੇ ਫਿਊਲ ਈਵੀਜ਼ ਖਰੀਦਣ ਵਾਲਿਆਂ ਨੂੰ 5000 ਡਾਲਰ ਤੱਕ ਦੀ ਛੋਟ ਦਿੱਤੀ ਜਾਵੇਗੀ ਅਤੇ ਪਲੱਗ ਇਨ ਹਾਈਬਰਿੱਡਜ਼ ਖਰੀਦਣ ਵਾਲਿਆਂ ਨੂੰ 2500 ਡਾਲਰ ਤੱਕ ਦੀ ਛੋਟ ਦਿੱਤੀ ਜਾਵੇਗੀ।ਔਟਵਾ ਵੱਲੋਂ ਇਹ ਵੀ ਸਪਸ਼ਟ ਕੀਤਾ ਗਿਆ ਹੈ ਕਿ ਇਹ ਛੋਟ ਉਨ੍ਹਾਂ ਗੱਡੀਆਂ ਲਈ ਹੀ ਉਪਲਬਧ ਹੋਵੇਗੀ ਜਿਨ੍ਹਾਂ ਨੂੰ ਅਜਿਹੇ ਮੁਲਕਾਂ ਤੋਂ ਇੰਪੋਰਟ ਕੀਤਾ ਗਿਆ ਹੋਵੇਗਾ ਜਿਨ੍ਹਾਂ ਨਾਲ ਕੈਨੇਡਾ ਦਾ ਪਹਿਲਾਂ ਤੋਂ ਹੀ ਮੁਕਤ ਵਪਾਰ ਸਮਝੌਤਾ ਹੈ ਤੇ ਜਿਹੜੀਆਂ 50,000 ਹਜ਼ਾਰ ਡਾਲਰ ਤੋਂ ਘੱਟ ਕੀਮਤ ਦੀਆ ਹੋਣਗੀਆਂ। ਇਸ ਤੋਂ ਇਲਾਵਾ ਫੈਡਰਲ ਸਰਕਾਰ ਇਹ ਵੀ ਯਕੀਨੀ ਬਨਾਉਣਾ ਚਾਹੁੰਦੀ ਹੈ ਕਿ 2035 ਤੱਕ ਵੇਚੀਆਂ ਜਾਣ ਵਾਲੀਆਂ ਕਾਰਾਂ ਵਿੱਚੋਂ 75 ਫੀ ਸਦੀ ਈਵੀਜ਼ ਹੋਣ।ਇਸ ਲਈ 8000 ਨਵੇਂ ਈਵੀ ਚਾਰਜਰਜ਼ ਇਨਸਟਾਲ ਕਰਨ ਲਈ ਫੈਡਰਲ ਸਰਕਾਰ 84 ਮਿਲੀਅਨ ਡਾਲਰ ਖਰਚੇਗੀ।*

NEWTON DENTURE CLINIC INC.

ਜੇ ਤੁਸੀਂ ਦੰਦ ਲਗਵਾਉਂਣੇ ਹਨ ਜਾਂ ਫਿਰ ਲਗਵਾਏ ਹਨ
ਦੰਦ ਪੁਰਾਣੇ ਹਨ ਹੁਣ ਨਵੇਂ ਲਗਵਾਉਂਣੇ ਹਨ ਬਲਰਾਜ ਨੂੰ ਫੋਨ ਕਰੋ
ਤੁਹਾਡੇ ਲਗਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ ਬਲਰਾਜ
ਨਾਲ ਅੁਪਾਇੰਟਮੈਂਟ ਬਣਾਉ ਤੇ ਖਾਣਾ ਚੰਗੀ ਤਰ੍ਹਾਂ ਖਾਓ
ਜੇ ਤੁਹਾਡੇ ਸਾਰੇ ਦੰਦ ਨਹੀਂ ਨਿਕਲੇ ਪਰ ਖਾਣਾ ਠੀਕ ਤਰ੍ਹਾਂ ਨਹੀਂ ਖਾ ਹੁੰਦਾ
ਤਾਂ ਬਲਰਾਜ ਨੂੰ ਮਿਲੋ ਇਹ ਤੁਹਾਡੀ ਸੇਵਾ ਲਈ ਸਰੀ ਵਿਚ ਉਪਲਬੱਧ ਹਨ।
Denturists are Denture Specialists
20 ਸਾਲਾਂ ਤੋਂ ਵੱਧ ਦਾ ਤਜ਼ਰਬਾ • ਮੁਫਤ ਸਲਾਹ • ਪੰਜਾਬੀ ਅਤੇ ਅੰਗਰੇਜ਼ੀ ਬੋਲਦੇ ਹਾਂ
604.590.9747
#211-8334-128 ST., SURREY
ਬਲਰਾਜ ਸਿੰਘ ਗਿੱਲ
R.D. BSc.
Registered Denturist
www.newtondentures.ca

YOUR NEIGHBOURHOOD LAWYER
Rishi Law Corporation
ਇਮੀਗਰੇਸ਼ਨ ਲਾਅ
* ਇਮੀਗ੍ਰੈਸ਼ਨ ਅਪੀਲਜ਼
* ਰਫਿਊਜ਼ੀ ਕਲੇਮਜ਼
* ਪਤੀ/ਪਤਨੀ ਦੀ ਸਪੌਂਸਰਸ਼ਿਪ
* ਮਾਪਿਆਂ ਦੀ ਸਪਾਂਸਰਸ਼ਿਪ
* ਸੁਪਰ ਵੀਜ਼ਾ
* ਸਿਟੀਜ਼ਨਸ਼ਿੱਪ ਐਪਲੀਕੇਸ਼ਨ
* PR ਕਾਰਡ ਐਪਲੀਕੇਸ਼ਨ
ਰੀਅਲ ਐਸਟੇਟ
* ਜਾਈਦਾਦ ਖਰੀਦਣਾ ਅਤੇ ਵੇਚਣਾ
* ਮੌਰਟਗੇਜ਼/ਲਾਇਨ ਆਫ ਕਰੈਡਿਟ
ਕ੍ਰਿਮੀਨਲ ਲਾਅ
* ਹਮਲੇ ਦੇ ਦੋਸ਼
* ਡਰੱਗ ਦੇ ਚਾਰਜ
* ਚੋਰੀ/ਧੋਖਾਧੜੀ
* ਧਮਕੀਆਂ ਦੇਣਾ
* ਡਰਾਇੰਗ ਦੇ ਅਪਰਾਧ
IMMIGRATION LAW
Immigration Appeals
Refugee Claims
Spousal Sponsorship
Parents Sponsorship
Super Visa
Citizenship
P.R. Cards
REAL ESTATE
Property Purchase/Sale
Mortgage/Line of Credi
Probate
CRIMINAL LAW
Assault Charges
Drug Charges
Theft/Fraud
Uttering Threats
Driving Offences
DIVORCES
PROBATE
ਅਸੀਂ ਪੰਜਾਬੀ / ਹਿੰਦੀ ਅਤੇ ਅੰਗਰੇਜ਼ੀ ਵਿਚ ਸੇਵਾਵਾਂ ਪ੍ਰਦਾਨ ਕਰਦੇ ਹਾਂ

Narinder Rishi
Barrister, Solicitor & Notary Public
Email: nkrishi@yahoo.com
ਹਰ ਤਰ੍ਹਾਂ ਦੀਆਂ ਨੋਟਰੀ ਸੇਵਾਵਾਂ ਵੀ ਦਿੰਦੇ ਹਾਂ!
ਵਧੀਆ ਸੇਵਾਵਾਂ ਲਈ 2 ਲੁਕੇਸ਼ਨਾਂ :
ਵੈਨਕੂਵਰ ਦਫਤਰ
604-322-5515
6625, ਫਰੇਜ਼ਰ ਸਟਰੀਟ
ਸਰੀ ਦਫਤਰ
604-505-6454
#102-9360-120 ਸਟਰੀਟ


ਹਰ ਤਰ੍ਹਾਂ ਦੀ ਤਸੱਲੀਬਖਸ਼ ਰੈਨੋਵੇਸ਼ਨ ਕਰਵਾਉਂਣ ਲਈ ਯਾਦ ਰੱਖੋ ਇਕ ਇਕੋ ਇਕ ਨਾਮ
ਗੁਰਬਾਜ ਰੈਨੋਵੇਸ਼ਨ
* ਫਰੇਮਿੰਗ
* ਡਰਾਈਵਾਲ
* ਪੇਟਿੰਗ
* ਟਾਈਲਜ਼
* ਲੈਮੀਨੇਟ
* ਪਲਬਿੰਗ
* ਕਾਰਪੈਟ
* ਡੋਰ ਮੋਲਡਿੰਗ
* ਸਨਡੈਕ
* ਰਿਪੇਅਰ
* ਸਨਡੈਕ ਵਾਇਨਲ ਡੈਕਿੰਗ
GURBAAJ
RENOVATION LTD.
ਮੁਫਤ ਐਸਟੀਮੇਟ ਲਈ ਸੰਪਰਕ ਕਰੋ:
778-713-2236 ਜਾਂ
604-376-0201

# ਆਪਣੀ ਸਵੈ-ਜੀਵਨੀ 'ਫੋਰ ਸਟਾਰਜ਼ ਆਫ ਡੈਸਟੀਨੀ' ਬਾਰੇ ਸਾਬਕਾ ਫੌਜ ਮੁਖੀ ਨਰਵਣੇ ਨੇ ਚੁੱਪੀ ਤੋੜੀ

**ਨਵੀਂ ਦਿੱਲੀ,10 ਫਰਵਰੀ:**–ਸਾਬਕਾ ਫੌਜ ਮੁਖੀ ਐੱਮ ਐਮ ਨਰਵਣੇ ਨੇ ਮੰਗਲਵਾਰ ਨੂੰ 'ਯ' (ਪਹਿਲਾਂ ਟਵਿੱਟਰ) 'ਤੇ ਆਪਣੀ ਸਵੈ-ਜੀਵਨੀ 'ਫੋਰ ਸਟਾਰਜ਼ ਆਫ ਡੈਸਟੀਨੀ' (***Four Stars of Desitny***) ਦੇ ਪ੍ਰਕਾਸ਼ਕ ਵੱਲੋਂ ਜਾਰੀ ਇੱਕ ਬਿਆਨ ਸਾਂਝਾ ਕੀਤਾ, ਜਿਸ ਵਿੱਚ ਕਿਹਾ ਗਿਆ ਹੈ ਕਿ ਕਿਤਾਬ ਦੀ ਕੋਈ ਵੀ ਕਾਪੀ "ਪ੍ਰਿੰਟ ਜਾਂ ਡਿਜੀਟਲ ਰੂਪ ਵਿੱਚ ਪ੍ਰਕਾਸ਼ਿਤ, ਵੰਡੀ, ਵੇਚੀ" ਜਾਂ ਕਿਸੇ ਹੋਰ ਤਰੀਕੇ ਨਾਲ ਜਨਤਾ ਲਈ ਉਪਲਬਧ ਨਹੀਂ ਕਰਵਾਈ ਗਈ ਹੈ। ਨਰਵਣੇ ਨੇ ਲਿਖਿਆ, "ਇਹ ਕਿਤਾਬ ਦੀ ਸਥਿਤੀ ਹੈ।" ਸਾਬਕਾ ਫੌਜ ਮੁਖੀ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਉਹ ਬਿਆਨ ਸਾਂਝਾ ਕੀਤਾ ਜੋ ਸੋਮਵਾਰ ਰਾਤ ਨੂੰ ਪੈਨਗੁਇਨ ਇੰਡੀਆ (ਫਨਗੁਨਿ ਨਿਦਿਓ) ਵੱਲੋਂ ਜਾਰੀ ਕੀਤਾ ਗਿਆ ਸੀ। ਪ੍ਰਕਾਸ਼ਕ ਨੇ ਆਪਣੇ ਬਿਆਨ ਵਿੱਚ ਕਿਹਾ, "ਤਾਜ਼ਾ ਜਨਤਕ ਚਰਚਾ ਅਤੇ ਮੀਡੀਆ ਰਿਪੋਰਟਿੰਗ ਦੇ ਮੱਦੇਨਜ਼ਰ, ਪੈਨਗੁਇਨ ਰੈਂਡਮ ਹਾਊਸ ਇੰਡੀਆ ਸਪੱਸ਼ਟ ਕਰਨਾ ਚਾਹੁੰਦਾ ਹੈ ਕਿ ਸਾਡੇ ਕੋਲ ਭਾਰਤੀ ਫੌਜ ਦੇ ਸਾਬਕਾ ਮੁਖੀ ਜਨਰਲ ਮਨੋਜ ਮੁਕੰਦ ਨਰਵਣੇ ਦੀ ਸਵੈ-ਜੀਵਨੀ 'ਫੋਰ ਸਟਾਰਜ਼ ਆਫ ਡੈਸਟੀਨੀ' ਦੇ ਇਕਲੌਤੇ ਪ੍ਰਕਾਸ਼ਨ ਅਧਿਕਾਰ ਹਨ।

ਅਸੀਂ ਇਹ ਸਪੱਸ਼ਟ ਕਰਨਾ ਚਾਹੁੰਦੇ ਹਾਂ ਕਿ ਕਿਤਾਬ ਅਜੇ ਪ੍ਰਕਾਸ਼ਿਤ ਨਹੀਂ ਹੋਈ ਹੈ। ਪੈਨਗੁਇਨ ਰੈਂਡਮ ਹਾਊਸ ਇੰਡੀਆ ਵੱਲੋਂ ਕਿਤਾਬ ਦੀ ਕੋਈ ਵੀ ਕਾਪੀ — ਪ੍ਰਿੰਟ ਜਾਂ ਡਿਜੀਟਲ ਰੂਪ ਵਿੱਚ — ਪ੍ਰਕਾਸ਼ਿਤ, ਵੰਡੀ, ਵੇਚੀ ਜਾਂ ਕਿਸੇ ਹੋਰ ਤਰੀਕੇ ਨਾਲ ਜਨਤਾ ਲਈ ਉਪਲਬਧ ਨਹੀਂ ਕਰਵਾਈ ਗਈ ਹੈ।"

ਇਸ ਵਿਵਾਦ ਦੇ ਵਿਚਕਾਰ ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਮੰਗਲਵਾਰ ਨੂੰ ਨਰਵਣੇ ਦੀ ਇੱਕ ਸੋਸ਼ਲ ਮੀਡੀਆ ਪੋਸਟ ਦਾ ਹਵਾਲਾ ਦਿੱਤਾ ਜਿਸ ਵਿੱਚ ਲੋਕਾਂ ਨੂੰ ਸੂਚਿਤ ਕੀਤਾ ਗਿਆ ਸੀ ਕਿ ਉਨ੍ਹਾਂ ਦੀ ਕਿਤਾਬ "ਹੁਣ ਉਪਲਬਧ ਹੈ", ਅਤੇ ਉਨ੍ਹਾਂ ਨੇ ਪ੍ਰਕਾਸ਼ਕ ਦੇ ਉਸ ਬਿਆਨ ਦਾ ਖੰਡਨ ਕਰਨ ਦੀ ਕੋਸ਼ਿਸ਼ ਕੀਤੀ ਕਿ 'ਸਵੈ-ਜੀਵਨੀ' ਅਜੇ ਪ੍ਰਕਾਸ਼ਿਤ ਨਹੀਂ ਹੋਈ ਹੈ।

ਗਾਂਧੀ ਨੇ ਕਿਹਾ ਕਿ ਉਹ ਪੈਨਗੁਇਨ ਦੀ ਬਜਾਏ ਸਾਬਕਾ ਫੌਜ ਮੁਖੀ ਦੇ ਸ਼ਬਦਾਂ 'ਤੇ ਵਿਸ਼ਵਾਸ ਕਰਦੇ ਹਨ। ਇੱਕ ਹੋਰ ਬਿਆਨ ਵਿੱਚ ਪ੍ਰਕਾਸ਼ਕ ਨੇ ਮੰਗਲਵਾਰ ਨੂੰ ਕਿਹਾ ਕਿ ਕਿਸੇ ਕਿਤਾਬ ਬਾਰੇ ਘੋਸ਼ਣਾ ਜਾਂ ਪ੍ਰੀ-ਆਰਡਰ ਲਈ ਇਸਦੀ ਉਪਲਬਧਤਾ ਨੂੰ ਪ੍ਰਕਾਸ਼ਨ ਵਜੋਂ ਨਹੀਂ ਸਮਝਿਆ ਜਾਣਾ ਚਾਹੀਦਾ। "ਅਸੀਂ ਇਹ ਸਪੱਸ਼ਟ ਕਰਨਾ ਚਾਹੁੰਦੇ ਹਾਂ ਕਿ ਕਿਤਾਬ ਅਜੇ ਪ੍ਰਕਾਸ਼ਿਤ ਨਹੀਂ ਹੋਈ ਹੈ।"











Celebrate Love this Valentines Day at
FRASERVIEW
BANQUET HALL
FRI
13
FEB
2026
SECURE YOUR SPOT NOW!
LIMITED TIME PRICE
$45/PERSON
BUY NOW
LIMITED TIME PRICE
$80/COUPLE
DOORS OPEN 6:30 PM
LIVE BAND
BOLLYWOOD DANCE
DJ
APPIES
GRAND BUFFET
DESSERT
CASH BAR
TICKETS ON
EVENTBRITE.CA
OR CALL :(604) 322-6526
8240 FRASER ST VANCOUVER BC V5X3X6


ਸਪੈਸ਼ਲ ਸੇਲ !
www.dream-carpets.com
dream carpets
Shaw FLOORS
Ansonylon
STAINMASTER CARPET
ClearTouch
from $1.98 SF
Berber Installed
Textured Saxony Installed
from $2.28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From .78 cent
Berber
Starts From .78 cent
Area Rug (5x8)
Starts From $68
ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
NOBODY KNOWS FLOORING LIKE DREAM CARPETS
SERVING WESTERN CANADA FOR OVER 30 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Ashok
Butch
Perry

# ਰਾਸ਼ਟਰਪਤੀ ਟਰੰਪ ਵੱਲੋਂ ਨਵੇਂ ਕੌਮਾਂਤਰੀ ਪੁਲ ਦੇ ਉਦਘਾਟਨ ਉੱਤੇ ਰੋਕ ਲਾਉਣ ਦੀ ਧਮਕੀ



**ਵਾਸ਼ਿੰਗਟਨ, 10 ਫਰਵਰੀ:**–ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀਆਂ ਨੀਤੀਆਂ ਕਾਰਨ ਅਮਰੀਕਾ ਅਤੇ ਕੈਨੇਡਾ ਦੇ ਸਬੰਧਾਂ ਵਿੱਚ ਖਟਾਸ ਆ ਗਈ ਹੈ। ਟਰੰਪ ਨੇ ਦੋਵਾਂ ਦੇਸ਼ਾਂ ਦਰਮਿਆਨ ਚਲ ਰਹੀ ਵਪਾਰਕ ਜੰਗ ਨੂੰ ਇੱਕ ਨਵੇਂ ਮੋੜ ’ਤੇ ਲਿਆ ਖੜ੍ਹਾ ਕੀਤਾ ਹੈ। ਟਰੰਪ ਨੇ ਐਲਾਨ ਕੀਤਾ ਕਿ ਉਹ ਡੈਟਰਾਇਟ ਅਤੇ ਵਿੰਡਸਰ ਨੂੰ ਜੋੜਨ ਵਾਲੇ ਨਵੇਂ 4.7 ਬਿਲੀਅਨ ਡਾਲਰ ਦੇ ਗੋਰਡੀ ਹੋਵ ਇੰਟਰਨੈਸ਼ਨਲ ਬ੍ਰਿਜ ਨੂੰ ਉਦੋਂ ਤੱਕ ਨਹੀਂ ਖੁੱਲ੍ਹਣ ਦੇਣਗੇ ਜਦੋਂ ਤੱਕ ਕੈਨੇਡਾ ਅਮਰੀਕਾ ਨੂੰ ਪੂਰਾ ਮੁਆਵਜ਼ਾ ਅਤੇ ਬਣਦਾ ਸਤਿਕਾਰ ਨਹੀਂ ਦਿੰਦਾ। ਟਰੰਪ ਨੇ ਸੋਸ਼ਲ ਮੀਡੀਆ ਰਾਹੀਂ ਕੈਨੇਡਾ ’ਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ ਕੈਨੇਡਾ ਅਮਰੀਕਾ ਨਾਲ ਨਾ-ਇਨਸਾਫ਼ੀ ਕਰ ਰਿਹਾ ਹੈ ਅਤੇ ਉਹ ਇਸ ਪੁਲ ਦੀ ਘੱਟੋ-ਘੱਟ ਅੱਧੀ ਹਿੱਸੇਦਾਰੀ ਦੀ ਮੰਗ ਕਰਨਗੇ। ਇਸ ਵਿਵਾਦ ਦੀ ਜੜ੍ਹ ਕੈਨੇਡਾ ਵੱਲੋਂ ਚੀਨ ਨਾਲ ਕੀਤੇ ਜਾ ਰਹੇ ਵਪਾਰਕ ਸਮਝੌਤੇ ਅਤੇ ਅਮਰੀਕੀ ਵਸਤੂਆਂ ’ਤੇ ਲਗਾਏ ਗਏ ਟੈਕਸ ਹਨ। ਟਰੰਪ ਨੇ ਦੋਸ਼ ਲਾਇਆ ਕਿ ਕੈਨੇਡਾ ਅਮਰੀਕੀ ਸ਼ਰਾਬ ਅਤੇ ਡੇਅਰੀ ਉਤਪਾਦਾਂ ਨੂੰ ਆਪਣੇ ਬਾਜ਼ਾਰਾਂ ਵਿੱਚ ਸਹੀ ਥਾਂ ਨਹੀਂ ਦੇ ਰਿਹਾ। ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਚੀਨ ਨਾਲ ਵਪਾਰਕ ਸਾਂਝ ਕਾਰਨ ਕੈਨੇਡਾ ਵਿੱਚ ਆਈਸ ਹਾਕੀ ਵਰਗੀਆਂ ਖੇਡਾਂ ਅਤੇ ਸਟੈਨਲੀ ਕੱਪ ’ਤੇ ਵੀ ਖ਼ਤਰਾ ਮੰਡਰਾ ਸਕਦਾ ਹੈ। ਰਾਸ਼ਟਰਪਤੀ ਨੇ ਸਾਫ਼ ਸ਼ਬਦਾਂ ਵਿੱਚ ਕਿਹਾ ਕਿ ਉਹ ਇਸ ਸੰਪਤੀ ਦੇ ਮਾਲਕਾਨਾ ਹੱਕ ਨੂੰ ਲੈ ਕੇ ਤੁਰੰਤ ਗੱਲਬਾਤ ਸ਼ੁਰੂ ਕਰਨ ਜਾ ਰਹੇ ਹਨ ਕਿਉਂਕਿ ਉਨ੍ਹਾਂ ਮੁਤਾਬਕ ਅਮਰੀਕਾ ਨੇ ਪਹਿਲਾਂ ਹੀ ਕੈਨੇਡਾ ਨੂੰ ਬਹੁਤ ਕੁਝ ਦਿੱਤਾ ਹੈ।

ਦੂਜੇ ਪਾਸੇ, ਇਸ ਪੁਲ ਦਾ ਇਤਿਹਾਸ ਕਾਫ਼ੀ ਵੱਖਰਾ ਹੈ। ਸਾਲ 2012 ਵਿੱਚ ਜਦੋਂ ਅਮਰੀਕਾ ਨੇ ਇਸ ਪੁਲ ਲਈ ਫੰਡ ਦੇਣ ਤੋਂ ਮਨ੍ਹਾ ਕਰ ਦਿੱਤਾ ਸੀ ਤਾਂ ਕੈਨੇਡਾ ਨੇ ਇਸ ਦੇ ਨਿਰਮਾਣ ਦਾ ਸਾਰਾ ਖ਼ਰਚਾ ਖ਼ੁਦ ਚੁੱਕਣ ਦਾ ਫੈਸਲਾ ਕੀਤਾ ਸੀ। ਇਹ ਪੁਲ ਹੁਣ ਮੁਕੰਮਲ ਹੋਣ ਦੇ ਕਰੀਬ ਹੈ ਅਤੇ ਆਉਣ ਵਾਲੇ ਕੁਝ ਮਹੀਨਿਆਂ ਵਿੱਚ ਇਸ ਨੂੰ ਆਮ ਜਨਤਾ ਲਈ ਖੋਲ੍ਹਿਆ ਜਾਣਾ ਹੈ। ਮਿਸ਼ੀਗਨ ਦੀ ਗਵਰਨਰ ਗ੍ਰੈਚਨ ਵਿਟਮਰ ਅਤੇ ਹੋਰ ਲੋਕਤੰਤਰੀ ਆਗੂਆਂ ਨੇ ਟਰੰਪ ਦੇ ਇਸ ਫੈਸਲੇ ਦੀ ਸਖ਼ਤ ਆਲੋਚਨਾ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਪੁਲ ਦੋਵਾਂ ਦੇਸ਼ਾਂ ਦੇ ਕਾਮਿਆਂ ਤੇ ਮਜ਼ਦੂਰਾਂ ਦੀ ਮਿਹਨਤ ਦਾ ਨਤੀਜਾ ਹੈ ਅਤੇ ਇਸ ਨੂੰ ਰੋਕਣਾ ਮਿਸ਼ੀਗਨ ਦੀ ਆਰਥਿਕਤਾ, ਸਪਲਾਈ ਚੇਨ ਅਤੇ ਹਜ਼ਾਰਾਂ ਨੌਕਰੀਆਂ ਲਈ ਘਾਤਕ ਸਿੱਧ ਹੋਵੇਗਾ।

ਮਾਹਰਾਂ ਅਨੁਸਾਰ ਇਹ ਪੁਲ ਵਪਾਰਕ ਪੱਖੋਂ ਬਹੁਤ ਅਹਿਮ ਹੈ ਕਿਉਂਕਿ ਇਹ ਟਰੱਕਾਂ ਦੇ ਸਫਰ ਦਾ ਸਮਾਂ 20 ਮਿੰਟ ਤੱਕ ਘਟਾ ਦੇਵੇਗਾ, ਜਿਸ ਨਾਲ ਕਰੋੜਾਂ ਡਾਲਰ ਦੀ ਬਚਤ ਹੋਵੇਗੀ। ਹੁਣ ਜਦੋਂ ਅਮਰੀਕੀ ਹੋਮਲੈਂਡ ਸਕਿਓਰਿਟੀ ਵਿਭਾਗ ਪਹਿਲਾਂ ਹੀ ਇਸ ਨੂੰ ਅਧਿਕਾਰਤ ਲਾਂਘਾ ਐਲਾਨ ਚੁੱਕਾ ਹੈ ਤਾਂ ਟਰੰਪ ਦੀ ਇਸ ਧਮਕੀ ਨੇ ਸਰਹੱਦ ਦੇ ਦੋਵੇਂ ਪਾਸੇ ਕਾਰੋਬਾਰੀਆਂ ਅਤੇ ਸਿਆਸਤਦਾਨਾਂ ਵਿੱਚ ਚਿੰਤਾ ਪੈਦਾ ਕਰ ਦਿੱਤੀ ਹੈ। ਫਿਲਹਾਲ ਕੈਨੇਡੀਅਨ ਦੂਤਾਵਾਸ ਅਤੇ ਬ੍ਰਿਜ ਅਥਾਰਟੀ ਵੱਲੋਂ ਇਸ ’ਤੇ ਕੋਈ ਅਧਿਕਾਰਤ ਟਿੱਪਣੀ ਨਹੀਂ ਕੀਤੀ ਗਈ ਹੈ।





## ਸਰੀ ਵਿਚ ਕੰਮ ਦਾ ਸੁਨਹਿਰੀ ਮੌਕਾ

## ਵਰਕਰਾਂ ਦੀ ਜ਼ਰੂਰਤ

Alliance Glass Doors ਵਾਲਿਆਂ ਨੂੰ ਪਾਰਟ ਟਾਈਮ ਵਰਕਰਾਂ ਦੀ ਸਖਤ ਜ਼ਰੂਰਤ ਹੈ। ਸਟੂਡੈਂਟ ਲਈ ਬਹੁਤ ਹੀ ਢੁੱਕਵਾਂ ਕੰਮ ਹੈ। 50 ਪੌਂਡ ਤੱਕ ਭਾਰ ਚੁੱਕਣ ਦੇ ਯੋਗ ਹੋਣਾ ਜ਼ਰੂਰੀ ਹੈ। ਤਨਖਾਹ 18:00 ਡਾਲਰ ਪ੍ਰਤੀ ਘੰਟਾ ਦਿੱਤੀ ਜਾਵੇਗੀ।

ਹੋਰ ਜਾਣਕਾਰੀ ਲਈ ਫੋਨ ਕਰੋ

**604-763-1384**

ਅਸੀਂ ਪੂਰੇ ਘਰ ਦੀ ਰੈਨੋਵੇਸ਼ਨ ਸਮੇਤ ਪਲੰਬਿੰਗ, ਹੀਟਿੰਗ, ਇਲੈਕਟ੍ਰੀਕਲ ਆਦਿ ਬਹੁਤ ਵਾਜਿਬ ਕੀਮਤਾਂ ’ਤੇ ਕਰਦੇ ਹਾਂ!

## ਲੱਖੀ ਰੈਨੋਵੇਸ਼ਨ

- ਵਾਸ਼ਰੂਮ ਅਤੇ ਕਿਚਨ ਦੀ ਰੈਨੋਵੇਸ਼ਨ
- ਬੇਸਮੈਂਟ ਦੀ ਰੈਨੋਵੇਸ਼ਨ
- ਡੋਰ ਐਂਡ ਮੋਲਡਿੰਗ
- ਲੇਮੀਨੇਟ ਫਲੋਰਿੰਗ ਅਤੇ ਬੇਸਬੋਰਡ
- ਫਲੋਰ ਅਤੇ ਵਾਲ ਟਾਈਲਜ਼
- ਪੁਰਾਣਾ ਅਤੇ ਨਵਾਂ ਪੁਰਾਣਾ ਸਨਡੈਕ
- ਘਰ ਨੂੰ ਵਧਾਉਣਾ
- ਪੇਂਟਿੰਗ
- ਕਾਰਪੇਂਟਰੀ
- ਪੌੜੀਆਂ
- ਫਿਨਸ਼ਿੰਗ
- ਫਰੇਮਿੰਗ

15 ਸਾਲਾਂ ਦਾ ਤਜ਼ਰਬਾ

ਪੂਰਾ ਕੰਮ ਸਮੇਂ ਅਤੇ ਵਾਜਿਬ ਰੇਟ ’ਤੇ ਗਰੰਟੀ ਨਾਲ ਕਰਦੇ ਹਾਂ

ਅਸੀਂ ਤਸੱਲੀਬਖਸ਼ ਕੰਮ ਕਰਦੇ ਹਾਂ

ਹੋਰ ਜਣਕਾਰੀ ਲਈ ਫੋਨ ਕਰੋ:

**ਲਖਵਿੰਦਰ ਸੈਂਹਬੀ : 604-621-0206**

Lakhwindersembhi@yahoo.ca


Your One-Stop shop for all products
Experience the future with TELUS Mobile, Internet, TV & Security
TELUS Authorized Dealer
Optik TV
Un-Advertised discounts not displayed online
TELUS Optik TV
PureFibre Internet
Latest Wi-Fi 7 Technology
Home Security
Special discounts for Surrey & surrounding area homes
Serving Surrey & Surrounding area with expert advice
Galaxy S25 Ultra
iPhone 17 Pro Max
Pixel 10 Pro XL
Open Connection
7380 King George Boulevard, Surrey
604-866-2458

# ਅਮਰੀਕੀ ਉਤਪਾਦਾਂ ਦੇ ਬਾਈਕਾਟ ਲਈ ਮਦਦਗਾਰ ਬਣੀ ਐਪ



**ਕੋਪਨਹੈਗਨ, 10 ਫਰਵਰੀ:**–ਖਰੀਦਦਾਰਾਂ ਨੂੰ ਅਮਰੀਕੀ ਵਸਤਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਦਾ ਬਾਈਕਾਟ ਕਰਨ ਵਿੱਚ ਮਦਦ ਕਰਨ ਲਈ ਬਣਾਈਆਂ ਗਈਆਂ ਮੋਬਾਈਲ ਐਪਸ ਦੇ ਨਿਰਮਾਤਾਵਾਂ ਅਨੁਸਾਰ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਗਰੀਨਲੈਂਡ ਨੂੰ ਖਰੀਦਣ ਦੀ ਇੱਛਾ ਕਾਰਨ ਪੈਦਾ ਹੋਏ ਕੂਟਨੀਤਕ ਤਣਾਅ ਤੋਂ ਬਾਅਦ ਡੈਨਮਾਰਕ ਅਤੇ ਹੋਰ ਦੇਸ਼ਾਂ ਵਿੱਚ ਇਨ੍ਹਾਂ ਐਪਸ ਪ੍ਰਤੀ ਲੋਕਾਂ ਦੀ ਦਿਲਚਸਪੀ ਵਿੱਚ ਭਾਰੀ ਉਛਾਲ ਆਇਆ ਹੈ।

'ਮੇਡ ਓ'ਮੀਟਰ' ਐਪ ਤਿਆਰ ਕਰਨ ਵਾਲੇ ਇਆਨ ਰੋਜ਼ਨਫੈਲਡ ਨੇ ਦੱਸਿਆ ਕਿ ਜਨਵਰੀ ਦੇ ਅਖੀਰ ਵਿੱਚ ਜਦੋਂ ਅਮਰੀਕਾ ਅਤੇ ਯੂਰੋਪ ਵਿਚਾਲੇ ਰਿਸ਼ਤੇ ਤਣਾਅਪੂਰਨ ਸਨ ਤਾਂ ਸਿਰਫ਼ ਤਿੰਨ ਦਿਨਾਂ ਅੰਦਰ ਹੀ ਇਸ ਮੁਫ਼ਤ ਐਪ ਨੂੰ ਲਗਭਗ 30 ਹਜ਼ਾਰ ਵਾਰ ਡਾਊਨਲੋਡ ਕੀਤਾ ਗਿਆ ਸੀ। ਮਾਰਚ ਵਿੱਚ ਇਸ ਦੇ ਲਾਂਚ ਹੋਣ ਤੋਂ ਬਾਅਦ ਹੁਣ ਤੱਕ ਕੁੱਲ ਡਾਊਨਲੋਡਾਂ ਦੀ ਗਿਣਤੀ ਇੱਕ ਲੱਖ ਤੋਂ ਪਾਰ ਹੋ ਚੁੱਕੀ ਹੈ। ਕੋਪਨਹੈਗਨ ਦੇ ਰਹਿਣ ਵਾਲੇ ਅਤੇ ਡਿਜੀਟਲ ਮਾਰਕੀਟਿੰਗ ਖੇਤਰ ਵਿੱਚ ਕੰਮ ਕਰਨ ਵਾਲੇ 53 ਸਾਲਾ ਰੋਜ਼ਨਫੈਲਡ ਨੇ ਇਹ ਐਪ ਬਣਾਉਣ ਦੀ ਯੋਜਨਾ ਸਾਲ ਪਹਿਲਾਂ ਉਦੋਂ ਬਣਾਈ ਸੀ ਜਦੋਂ ਉਹ ਅਮਰੀਕੀ ਸਾਮਾਨ ਦਾ ਬਾਈਕਾਟ ਕਰਨ ਦੀ ਇੱਛਾ ਰੱਖਣ ਵਾਲੇ ਡੈਨਮਾਰਕ ਦੇ ਲੋਕਾਂ ਦੇ ਫੇਸਬੁੱਕ ਗਰੁੱਪ ਵਿੱਚ ਸ਼ਾਮਲ ਹੋਇਆ ਸੀ। ਉਸ ਸਮੇਂ ਬਹੁਤ ਸਾਰੇ ਲੋਕ ਨਿਰਾਸ਼ ਸਨ ਅਤੇ ਇਹ ਸੋਚ ਰਹੇ ਸਨ ਕਿ ਅਮਲੀ ਤੌਰ 'ਤੇ ਇਹ ਕਿਵੇਂ ਪਤਾ ਲਾਇਆ ਜਾਵੇ ਕਿ ਕਿਹੜਾ ਉਤਪਾਦ ਅਮਰੀਕੀ ਹੈ, ਕਿਉਂਕਿ ਆਮ ਬਾਰਕੋਡ ਸਕੈਨਰ ਨਾਲ ਅਮਰੀਕੀ ਤੇ ਡੈਨਿਸ਼ ਉਤਪਾਦਾਂ ਵਿੱਚ ਫਰਕ ਕਰਨਾ ਮੁਸ਼ਕਲ ਹੁੰਦਾ ਹੈ। 'ਮੇਡ ਓ'ਮੀਟਰ' ਦੀ ਨਵੀਂ ਐਪ ਮਸਨੂਈ ਬੌਧਿਕਤਾ (ਏ ਆਈ) ਦੀ ਵਰਤੋਂ ਕਰਦੀ ਹੈ ਜੋ ਇੱਕੋ ਸਮੇਂ ਕਈ ਉਤਪਾਦਾਂ ਦੀ ਪਛਾਣ ਅਤੇ ਵਿਸ਼ਲੇਸ਼ਣ ਕਰ ਸਕਦੀ ਹੈ ਅਤੇ ਫਿਰ ਉਨ੍ਹਾਂ ਬਦਲੇ ਯੂਰੋਪ ਵਿੱਚ ਬਣੇ ਉਤਪਾਦਾਂ ਦੀ ਸਿਫ਼ਾਰਸ਼ ਕਰਦੀ ਹੈ।

# ਵਾਸ਼ਿੰਗਟਨ ਪੋਸਟ ਦੇ ਪ੍ਰਕਾਸ਼ਕ ਵਿੱਲ ਲੁਈ ਵੱਲੋਂ ਅਸਤੀਫਾ




***ਵਾਸ਼ਿੰਗਟਨ, 10 ਫਰਵਰੀ:***–*ਵਾਸ਼ਿੰਗਟਨ ਪੋਸਟ ਦੇ ਪ੍ਰਕਾਸ਼ਕ ਵਿੱਲ ਲੁਈ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਇਹ ਐਲਾਨ ਅਖ਼ਬਾਰ ਵੱਲੋਂ ਇੱਕ-ਤਿਹਾਈ ਕਰਮਚਾਰੀਆਂ ਦੀ ਛਾਂਟੀ ਦੇ ਐਲਾਨ ਤੋਂ ਤਿੰਨ ਦਿਨ ਬਾਅਦ ਕੀਤਾ ਗਿਆ ਹੈ। ਸ੍ਰੀ ਲੁਈ ਨੇ ਪੋਸਟ ਦੇ ਕਰਮਚਾਰੀਆਂ ਨੂੰ ਈਮੇਲ ਭੇਜੀ ਜਿਸ 'ਚ ਉਨ੍ਹਾਂ ਕਿਹਾ ਕਿ 'ਪੋਸਟ ਦਾ ਸਥਾਈ ਭਵਿੱਖ ਯਕੀਨੀ ਬਣਾਉਣ ਲਈ ਸਖ਼ਤ ਫ਼ੈਸਲੇ ਕੀਤੇ ਗਏ ਹਨ।' ਸ੍ਰੀ ਲੁਈ ਅਤੇ ਅਖ਼ਬਾਰ ਦੇ ਅਰਬਪਤੀ ਮਾਲਿਕ ਜੈੱਫ ਬੈਜ਼ੋਸ ਨੇ ਇਸ ਹਫ਼ਤੇ ਛਾਂਟੀ ਦਾ ਐਲਾਨ ਕਰਨ ਲਈ ਕਰਮਚਾਰੀਆਂ ਨਾਲ ਹੋਈ ਮੀਟਿੰਗ 'ਚ ਹਿੱਸਾ ਨਹੀਂ ਲਿਆ। ਪੋਸਟ ਦੇ ਮੁੱਖ ਵਿੱਤੀ ਅਧਿਕਾਰੀ ਜੈੱਫ ਡੀ'ਓਨੋਫ੍ਰੀਓ ਨੂੰ ਕਾਰਜਕਾਰੀ ਪ੍ਰਕਾਸ਼ਕ ਤੇ ਸੀ ਈ ਓ ਨਿਯੁਕਤ ਕੀਤਾ ਗਿਆ ਹੈ। ਬਰਤਾਨਵੀ ਮੂਲ ਦੇ ਸ੍ਰੀ ਲੁਈ ਜਨਵਰੀ 2024 'ਚ ਪੋਸਟ ਦਾ ਕਾਰਜਭਾਰ ਸੰਭਾਲਣ ਤੋਂ ਪਹਿਲਾਂ 'ਦਿ ਵਾਲ ਸਟ੍ਰੀਟ ਜਨਰਲ' 'ਚ ਸਿਖਰਲੇ ਅਧਿਕਾਰੀ ਸਨ। ਰਾਸ਼ਟਰਪਤੀ ਚੋਣ ਮੁਹਿੰਮ ਦੇ ਅਖੀਰ 'ਚ ਬੈਜ਼ੋਸ ਵੱਲੋਂ ਕਮਲਾ ਹੈਰਿਸ ਤੋਂ ਹਮਾਇਤ ਵਾਪਸ ਲੈਣ ਦੇ ਹੁਕਮ ਅਤੇ ਸੰਪਾਦਕੀ ਪੰਨਿਆਂ ਨੂੰ ਵਧੇਰੇ ਰੂੜੀਵਾਦੀ ਦਿਸ਼ਾ 'ਚ ਮੋੜਨ ਤੋਂ ਬਾਅਦ ਪੋਸਟ ਤੋਂ ਹਜ਼ਾਰਾਂ ਪਾਠਕਾਂ ਨੇ ਮੂੰਹ ਮੋੜ ਲਿਆ ਸੀ।*






JC Optical & Hearing

#109-12565 88 AVE., SURREY
778-564-1020
JCOPTICALANDHEARING.COM
OPEN 7 DAYS A WEEK

VOTED #1 CLINIC IN SURREY

PROUDLY SERVING FROM NEW LOCATION
UNIT B140 3122 MOUNT LEHMAN RD,
HIGH STREET SHOPPING CENTRE
ABBOTSFORD
PH.: 604.625.7398

GRAND OPENING OFFER
33% OFF
ON SELECTED ITEMS. PLEASE CHECK IN STORE.





$995 FOR A SET OF HEARING AIDS

- Swiss Engineered Hearing Technology
- Any Style - Any Color • Full 3 year warranty
- 3 Years of Batteries Included
- 100% Money Back Guarantee




**JASON CHEEMA**
BC, HIP, RO
Board Certified in
Hearing Instrument Sciences

INTEREST-FREE PAYMENT PLANS AVAILABLE

*Offer valid until quantity last.

# ਨਾ ਚਿੱਠੀ ਨਾ ਕੋਈ ਸੰਦੇਸ਼...



ਯੇ ਦੌਲਤ ਭੀ ਲੇ ਲੋ, ਯੇ ਸ਼ੋਹਰਤ ਭੀ ਲੇ ਲੋ,
ਭਲੇ ਛੀਨ ਲੋ ਮੁਝਸੇ ਮੇਰੀ ਜਵਾਨੀ
ਮਗਰ ਮੁਝਕੋ ਲੌਟਾ ਦੋ ਬਚਪਨ ਕਾ ਸਾਵਨ
ਵੋ ਕਾਗਜ਼ ਕੀ ਕਸ਼ਤੀ, ਵੋ ਬਾਰਿਸ਼ ਕਾ ਪਾਨੀ

ਜਦੋਂ ਵੀ ਜਗਜੀਤ ਸਿੰਘ ਦੀ ਗ਼ਜ਼ਲ ਦੀਆਂ ਇਹ ਲਾਈਨਾਂ ਸੁਣਦੇ ਹਾਂ ਤਾਂ ਬਚਪਨ ਨਾਲ ਜੁੜੀਆਂ ਯਾਦਾਂ ਫਿਰ ਤੋਂ ਤਾਜ਼ਾ ਹੋ ਜਾਂਦੀਆਂ ਹਨ। ਗ਼ਜ਼ਲ ਨੂੰ ਸੁਣਨ ਅਤੇ ਪਿਆਰ ਕਰਨ ਵਾਲੇ ਜਾਣਦੇ ਹਨ ਕਿ ਇਹ ਵੀ ਰੂਹ ਦੀ ਖ਼ੁਰਾਕ ਹੈ। ਕਹਿੰਦੇ ਹਨ ਕਿ ਗ਼ਜ਼ਲ ਅਰਬੀ ਸ਼ਾਇਰੀ ਦਾ ਇੱਕ ਹਿੱਸਾ ਸੀ, ਬਾਅਦ ਵਿੱਚ ਇਹ ਇਰਾਨ ਤੋਂ ਹੁੰਦੀ ਹੋਈ ਭਾਰਤ ਪਹੁੰਚੀ ਅਤੇ ਫ਼ਾਰਸੀ ਅਤੇ ਉਰਦੂ ਸ਼ਾਇਰੀ ਵਿੱਚ ਰਚਮਿਚ ਗਈ। ਭਾਰਤ ਵਿੱਚ ਵੀ ਗ਼ਜ਼ਲ ਗਾਉਣ ਵਾਲੇ ਬਹੁਤ ਸਾਰੇ ਗਾਇਕ ਹੋਏ ਹਨ, ਪਰ ਗ਼ਜ਼ਲ ਗਾਇਕ ਵਜੋਂ ਜੋ ਪਛਾਣ ਜਗਜੀਤ ਸਿੰਘ ਨੇ ਬਣਾਈ ਹੈ ਅਤੇ ਜੋ ਸ਼ੁਹਰਤ ਉਸ ਨੇ ਖੱਟੀ ਹੈ ਸ਼ਾਇਦ ਹੀ ਕਿਸੇ ਹੋਰ ਗਾਇਕ ਦੇ ਹਿੱਸੇ ਆਈ ਹੋਵੇ। ਇਹੋ ਜਿਹੀਆਂ ਸ਼ਖ਼ਸੀਅਤਾਂ ਹਮੇਸ਼ਾ ਆਪਣੇ ਹੁਨਰ, ਇਬਾਦਤ ਜਾਂ ਕਿਸੇ ਖੇਤਰ ਵਿੱਚ ਅਜੋਕੇ ਯੋਗਦਾਨ ਕਰਕੇ ਉਸ ਯੁੱਗ ਦੀ ਪਛਾਣ ਬਣ ਕੇ ਅਮਰ ਹੋ ਜਾਂਦੀਆਂ ਹਨ। ਭਾਰਤੀ ਸੰਗੀਤ ਅਤੇ ਗ਼ਜ਼ਲ ਗਾਇਕੀ ਦੇ ਸਿਤਾਰੇ ਜਗਜੀਤ ਸਿੰਘ ਨੂੰ ਵੀ ਆਪਣੀ ਕਲਾ ਦੀ ਅਮਿਟ ਛਾਪ ਛੱਡਣ ਕਾਰਨ ਸੰਗੀਤ ਪ੍ਰੇਮੀਆਂ ਦੇ ਦਿਲਾਂ ਵਿੱਚ ਇੱਕ ਯੁੱਗ ਪੁਰਸ਼ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਰਹਿੰਦੀ ਦੁਨੀਆ ਤੱਕ ਉਸ ਦੀ ਆਵਾਜ਼ ਸਰੋਤਿਆਂ ਦੇ ਦਿਲਾਂ 'ਤੇ ਦਸਤਕ ਦਿੰਦੀ ਰਹੇਗੀ।

8 ਫਰਵਰੀ 1941 ਨੂੰ ਰਾਜਸਥਾਨ ਦੇ ਸ੍ਰੀਗੰਗਾਨਗਰ ਵਿਖੇ ਮਾਤਾ ਬਚਨ ਕੌਰ ਅਤੇ ਪਿਤਾ ਅਮਰ ਸਿੰਘ ਦੇ ਘਰ ਪੈਦਾ ਹੋਏ ਜਗਜੀਤ ਸਿੰਘ ਦਾ ਪਾਲਣ ਪੋਸ਼ਣ ਸੰਪੂਰਨ ਪੰਜਾਬੀ ਢੰਗ ਨਾਲ ਹੋਇਆ ਸੀ। ਉਸ ਦੇ ਪਿਤਾ ਨੇ ਕਰਾਚੀ ਤੋਂ ਸਿਵਲ ਇੰਜਨੀਅਰਿੰਗ ਦਾ ਡਿਪਲੋਮਾ ਕੀਤਾ ਅਤੇ ਸ੍ਰੀਗੰਗਾਨਗਰ (ਰਾਜਸਥਾਨ) ਦੀ ਰਿਆਸਤ ਵਿੱਚ ਨੌਕਰੀ ਕੀਤੀ। ਪਿਤਾ ਨੇ ਸਾਰੇ ਭੈਣ ਭਰਾਵਾਂ ਨੂੰ ਸੰਗੀਤਕ ਮਾਹੌਲ ਦਿੱਤਾ। ਵੱਡੇ ਭਰਾ ਜਸਵੰਤ ਸਿੰਘ, ਜਗਜੀਤ ਸਿੰਘ ਅਤੇ ਭੈਣਾਂ ਨੇ ਬਾਕਾਇਦਾ ਗੁਰਬਾਣੀ ਸੰਗੀਤ ਦੀ ਮੁੱਢਲੀ ਸਿੱਖਿਆ ਪ੍ਰਾਪਤ ਕੀਤੀ। ਇਸ ਸੰਗੀਤਕ ਸਿੱਖਿਆ ਵਿੱਚ ਸਭ ਤੋਂ ਵੱਧ ਤਵੱਜੋ ਜਗਜੀਤ ਸਿੰਘ ਨੂੰ ਮਿਲੀ। ਉਸ ਨੇ ਲਗਭਗ ਦੋ ਸਾਲ ਪੰਡਤ ਸਾਗੁਨ ਚੰਦ ਜੋਸ਼ੀ ਕੋਲੋਂ ਭਾਰਤੀ ਸ਼ਾਸਤਰੀ ਸੰਗੀਤ ਸਿੱਖਿਆ ਅਤੇ ਫਿਰ ਉਸਤਾਦ ਜਮਾਲ ਖ਼ਾਨ ਤੋਂ ਧਰੁਪਦ, ਧਮਾਰ, ਸ਼ਾਸਤਰੀ ਤੇ ਸੁਗਮ ਸੰਗੀਤ ਵਿੱਚ ਪਰਿਪੱਕਤਾ ਹਾਸਲ ਕੀਤੀ। ਉਨ੍ਹਾਂ ਨੇ ਪੂਰੇ 12 ਸਾਲ ਜਗਜੀਤ ਸਿੰਘ ਤੋਂ ਬਹੁਤ ਮਿਹਨਤ ਕਰਵਾਈ।

ਜਗਜੀਤ ਸਿੰਘ ਦੇ ਗਾਇਕ ਬਣਨ ਵਿੱਚ ਉਨ੍ਹਾਂ ਦੇ ਵੱਡੇ ਭਰਾ ਜਸਵੰਤ ਸਿੰਘ ਦਾ ਬਹੁਤ ਯੋਗਦਾਨ ਰਿਹਾ ਹੈ। ਦੱਸਦੇ ਹਨ ਕਿ ਜਗਜੀਤ ਹੋਣਹਾਰ ਵਿਦਿਆਰਥੀ ਸੀ ਤੇ ਇੰਟਰ ਸਾਇੰਸ ਦੀ ਪ੍ਰੀਖਿਆ ਵਿੱਚ ਖ਼ਾਲਸਾ ਕਾਲਜ ਅਤੇ ਸ੍ਰੀਗੰਗਾਨਗਰ ਜ਼ਿਲ੍ਹੇ ਵਿੱਚੋਂ ਅੱਵਲ ਰਿਹਾ ਸੀ। ਜਸਵੰਤ ਸਿੰਘ ਨੇ ਆਪਣੇ ਭਰਾ ਜਗਜੀਤ ਨੂੰ ਡੀਵੀਏ ਕਾਲਜ ਜਲੰਧਰ ਵਿਖੇ ਦਾਖ਼ਲ ਕਰਵਾਇਆ ਤਾਂ ਕਿ ਉਸ ਦੀ ਕਲਾ ਹੋਰ ਉੱਭਰ ਸਕੇ। ਇੱਥੇ ਉਸ ਨੇ ਉਸਤਾਦ ਸੋਹਨ ਸਿੰਘ ਤੋਂ ਸੰਗੀਤ ਸਿੱਖਿਆ ਅਤੇ ਯੁਵਕ ਮੇਲਿਆਂ ਵਿੱਚ ਮੱਲਾਂ ਮਾਰਨ ਤੋਂ ਇਲਾਵਾ ਆਲ ਇੰਡੀਆ ਰੇਡੀਓ ਜਲੰਧਰ ਤੋਂ ਪ੍ਰੋਗਰਾਮ ਵੀ ਪੇਸ਼ ਕੀਤੇ। ਗ੍ਰੈਜੂਏਸ਼ਨ ਮਗਰੋਂ ਕੁਰੂਕਸ਼ੇਤਰ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਸੂਰਜ ਭਾਨ ਨੇ ਉਸ ਦਾ ਦਾਖ਼ਲਾ ਐੱਮਏ ਹਿਸਟਰੀ ਵਿੱਚ ਕਰਵਾ ਲਿਆ। ਜਗਜੀਤ ਨੇ ਦੋ ਸਾਲ ਵਿੱਚ ਆਪਣੀ ਯੂਨੀਵਰਸਿਟੀ ਲਈ ਅਨੇਕਾਂ ਮੈਡਲ ਤੇ ਟਰਾਫੀਆਂ ਜਿੱਤੀਆਂ। ਪਰਿਵਾਰ ਦੀ ਇੱਛਾ ਸੀ ਕਿ ਜਗਜੀਤ ਸਿੰਘ ਆਈਏਐੱਸ ਅਫ਼ਸਰ ਬਣੇ, ਪਰ ਉਸ ਦੇ ਅੰਦਰ ਬੈਠੇ ਕਲਾਕਾਰ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਇੱਕ ਵਾਰੀ ਜਦੋਂ ਫਿਲਮ ਅਦਾਕਾਰ ਓਮ ਪ੍ਰਕਾਸ਼ ਨੇ ਜਗਜੀਤ ਸਿੰਘ ਨੂੰ ਊਟੀ ਵਿਖੇ ਸੁਣਿਆ ਤਾਂ ਉਸ ਨੇ ਉਸ ਦੀ ਕਲਾ ਨੂੰ ਪਛਾਣ ਲਿਆ ਅਤੇ ਉਸ ਨੂੰ 1963 ਵਿੱਚ ਬੰਬਈ ਬੁਲਾ ਲਿਆ। ਇੱਥੇ ਉਸ ਨੇ ਜਗਜੀਤ ਸਿੰਘ ਨੂੰ ਕਈ ਸੰਗੀਤਕਾਰਾਂ ਨਾਲ ਮਿਲਵਾਇਆ, ਪਰ ਉੱਥੇ ਉਨ੍ਹਾਂ ਨੇ ਉਸ ਦੇ ਪੈਰ ਨਹੀਂ ਲੱਗਣ ਦਿੱਤੇ। ਇਸ ਦੇ ਬਾਵਜੂਦ ਉਹ ਲਗਾਤਾਰ ਮਿਹਨਤ ਕਰਦਾ ਰਿਹਾ। ਇਸ ਤੋਂ ਬਾਅਦ ਉਸ ਨੇ ਕਦੇ ਪਿੱਛੇ ਮੁੜ ਕੇ ਨਹੀਂ ਦੇਖਿਆ।

ਸਾਲ 1991 ਵਿੱਚ ਕਾਰ ਹਾਦਸੇ ਵਿੱਚ ਆਪਣੇ ਬੇਟੇ ਵਿਵੇਕ ਦੀ ਮੌਤ ਤੋਂ ਬਾਅਦ ਜਗਜੀਤ ਅਤੇ ਚਿਤਰਾ ਸਿੰਘ ਅੰਦਰੋਂ ਟੁੱਟ ਚੁੱਕੇ ਸਨ। ਉਸ ਸਮੇਂ ਵਿਵੇਕ ਦੀ ਉਮਰ ਸਿਰਫ਼ 21 ਸਾਲ ਸੀ। ਇਸ ਤੋਂ ਬਾਅਦ ਉਨ੍ਹਾਂ ਦੀ ਪਤਨੀ ਚਿਤਰਾ ਨੇ ਗਾਇਕੀ ਤੋਂ ਸੰਨਿਆਸ ਲੈ ਲਿਆ। ਜਗਜੀਤ ਸਿੰਘ ਵੀ ਸਦਮੇ ਕਾਰਨ ਕੁਝ ਸਮਾਂ ਗਾਇਕੀ ਤੋਂ ਦੂਰ ਰਿਹਾ। ਉਂਜ, ਉਸ ਨੂੰ ਹਮੇਸ਼ਾ ਗਾਇਕੀ ਵਿੱਚ ਹੀ ਸਕੂਨ ਮਿਲਦਾ ਸੀ। ਗ਼ਜ਼ਲ ਗਾਇਕੀ ਵਿੱਚ ਪਾਏ ਨਵੇਂ ਪੂਰਨਿਆਂ ਸਦਕਾ 1998 ਵਿੱਚ ਉਸ ਨੂੰ ਸਾਹਿਤ ਅਕਾਦਮੀ ਐਵਾਰਡ ਮਿਲਿਆ। 2003 ਵਿੱਚ ਉਸ ਨੂੰ ਭਾਰਤ ਸਰਕਾਰ ਦੁਆਰਾ ਪਦਮ ਭੂਸ਼ਣ ਦਿੱਤਾ ਗਿਆ। 2006 ਵਿੱਚ ਟੀਚਰਜ਼ ਲਾਈਫਟਾਈਮ ਅਚੀਵਮੈਂਟ ਐਵਾਰਡ ਮਿਲਿਆ। ਉਸ ਦੀਆਂ ਕੁਝ ਗ਼ਜ਼ਲਾਂ ਬਹੁਤ ਮਕਬੂਲ ਹੋਈਆਂ ਜਿਨ੍ਹਾਂ ਵਿੱਚੋਂ 'ਹੋਠੋਂ ਸੇ ਛੂਹ ਲੋ ਤੁਮ', 'ਵੋ ਕਾਗਜ਼ ਕੀ ਕਸ਼ਤੀ', 'ਚਿੱਠੀ ਨਾ ਕੋਈ ਸੰਦੇਸ਼', 'ਯੇ ਦੌਲਤ ਭੀ ਲੇ ਲੋ', 'ਤੁਮ ਕੋ ਦੇਖਾ ਤੋ ਯੇ ਖਿਆਲ ਆਇਆ', 'ਝੁਕੀ ਝੁਕੀ ਸੀ ਨਜ਼ਰ', 'ਤੁਮ ਇਤਨਾ ਜੋ ਮੁਸਕਰਾ ਰਹੇ ਹੋ' ਆਦਿ।

ਉਸ ਨੇ ਪੰਜਾਬੀ ਗੀਤ ਵੀ ਗਾਏ ਜਿਨ੍ਹਾਂ ਵਿੱਚੋਂ 'ਮਾਏ ਨੀ ਮਾਏ ਮੈਂ ਇੱਕ ਸ਼ਿਕਰਾ ਯਾਰ ਬਣਾਇਆ', 'ਚੁੱਲ੍ਹੇ ਅੱਗ ਨਾ ਘੜੇ ਦੇ ਵਿੱਚ ਪਾਣੀ, ਛੜਿਆਂ ਦੀ ਜੂਨ ਬੁਰੀ', 'ਰੱਬਾ ਸਾਡੀ ਵੀ ਬਣਾਦੇ ਕੋਈ ਰਾਣੀ' ਆਦਿ ਗਾ ਕੇ ਮਕਬੂਲੀਅਤ ਹਾਸਲ ਕੀਤੀ। 23 ਸਤੰਬਰ 2011 ਨੂੰ ਗੁਲਾਮ ਅਲੀ ਨਾਲ ਇੱਕ ਸੰਗੀਤ ਸਮਾਰੋਹ ਤੋਂ ਪਹਿਲਾਂ ਜਗਜੀਤ ਸਿੰਘ ਨੂੰ ਬ੍ਰੇਨ ਹੈਮਰੇਜ ਹੋ ਗਿਆ ਸੀ। 10 ਅਕਤੂਬਰ 2011 ਨੂੰ ਗ਼ਜ਼ਲ ਸਮਰਾਟ ਜਗਜੀਤ ਸਿੰਘ ਇਸ ਫਾਨੀ ਦੁਨੀਆ ਨੂੰ ਅਲਵਿਦਾ ਆਖ ਗਿਆ। ਉਸ ਨੂੰ ਮਰਨ ਉਪਰੰਤ ਰਾਜਸਥਾਨ ਦੀ ਸਰਕਾਰ ਵੱਲੋਂ 'ਰਾਜਸਥਾਨ ਰਤਨ 2013' ਨਾਲ ਸਨਮਾਨਿਤ ਕੀਤਾ ਗਿਆ ਜੋ ਕਿ ਰਾਜਸਥਾਨ ਦਾ ਸਭ ਤੋਂ ਉੱਚਾ ਨਾਗਰਿਕ ਪੁਰਸਕਾਰ ਹੈ।

ਅੱਜ ਵੀ ਉਸ ਦੇ ਸਰੋਤੇ ਉਸ ਦੀ ਇਹ ਗ਼ਜ਼ਲ ਗੁਣਗੁਣਾ ਕੇ ਉਸ ਨੂੰ ਯਾਦ ਕਰਦੇ ਹਨ;

ਨਾ ਚਿੱਠੀ ਨਾ ਕੋਈ ਸੰਦੇਸ਼
ਜਾਨੇ ਵੋ ਕੌਨਸਾ ਦੇਸ਼
ਜਹਾਂ ਤੁਮ ਚਲੇ ਗਏ
ਜਹਾਂ ਤੁਮ ਚਲੇ ਗਏ।

***ਕੁਲਦੀਪ ਸਿੰਘ ਸਾਹਿਲ***









# ਸਾਡੇ ਰਿਸ਼ਤੇ, ਪਿਆਰ ਅਤੇ ਸਮਾਜ



ਸਾਡੇ ਰਿਸ਼ਤਿਆਂ, ਪਿਆਰ ਅਤੇ ਸਮਾਜ ਦਾ ਆਪਸ ਵਿੱਚ ਗੂੜ੍ਹਾ ਸਬੰਧ ਹੁੰਦਾ ਹੈ ਅਤੇ ਇਹ ਹੋਣਾ ਵੀ ਚਾਹੀਦਾ ਹੈ। ਅਫ਼ਸੋਸ ਦੀ ਗੱਲ ਹੈ ਕਿ ਸਾਡੇ ਇਹ ਗੂੜ੍ਹੇ ਸਬੰਧ ਬਹੁਤ ਛੇਤੀ ਹੀ ਫਿੱਕੇ ਪੈ ਜਾਂਦੇ ਹਨ। ਇਨ੍ਹਾਂ ਦੇ ਫਿੱਕੇ ਪੈਣ ਦਾ ਕਾਰਨ ਸਾਡੀ ਉਹ ਜ਼ਿੱਦ ਹੁੰਦੀ ਹੈ ਜੋ ਦੂਜੇ ਦੀਆਂ ਭਾਵਨਾਵਾਂ (ਲੋੜਾਂ ਅਤੇ ਸੋਚਾਂ) ਨੂੰ ਸਮਝਣ ਦੀ ਥਾਂ ਉਨ੍ਹਾਂ ਉੱਤੇ ਆਪਣੀ ਸੋਚ ਥੋਪਣਾ ਚਾਹੁੰਦੀ ਹੁੰਦੀ ਹੈ। ਬਸ ਇਹੀ ਕਾਰਨ ਹੁੰਦਾ ਹੈ ਜੋ ਸਾਡੇ ਖ਼ੂਨ ਦੇ ਰਿਸ਼ਤਿਆਂ ਨੂੰ ਵੀ ਖ਼ੂਨੀ ਬਣਾ ਦਿੰਦਾ ਹੈ।

ਉਦਾਹਰਨ ਵਜੋਂ ਇੱਕ ਲੜਕੀ ਅਤੇ ਲੜਕਾ ਮਾਪਿਆਂ ਜਾਂ ਜਾਤਾਂ, ਧਰਮਾਂ ਦੀ ਰਜ਼ਾਮੰਦੀ ਤੋਂ ਵਗੈਰ ਵਿਆਹ ਕਰਵਾਉਣਾ ਚਾਹੁੰਦੇ ਹਨ, ਤਾਂ ਸਾਡਾ ਸਮਾਜ ਉਸ ਨੂੰ ਮਾਨਤਾ ਨਹੀਂ ਦਿੰਦਾ। ਸਮਾਜ ਵਿੱਚ ਆਪਣੀਆਂ ਜ਼ਿੱਦਾਂ, ਅਖੌਤੀ ਇੱਜ਼ਤਾਂ, ਜਾਤਾਂ ਅਤੇ ਧਰਮਾਂ ਦੀਆਂ ਬੰਦਸ਼ਾਂ ਅਨੁਸਾਰ ਆਪਣੇ ਆਪ ਨੂੰ ਸਹੀ ਰੱਖਣ ਲਈ ਮਾਪੇ ਆਪਣੇ ਸਭ ਤੋਂ ਨੇੜਲੇ ਅਤੇ ਪਿਆਰੇ ਖ਼ੂਨ ਦੇ ਰਿਸ਼ਤੇ ਦੇ ਖ਼ੂਨੀ ਬਣ ਜਾਂਦੇ ਹਨ। ਸਭ ਤੋਂ ਨੇੜਲੇ ਅਤੇ ਪਿਆਰੇ ਰਿਸ਼ਤੇ ਦੇ ਪੁੱਤ-ਧੀ ਕਤਲ ਕਰਕੇ ਲਾਸ਼ਾਂ ਬਣਾ ਦਿੱਤੇ ਜਾਂਦੇ ਹਨ ਅਤੇ ਮਾਂ-ਪਿਉ ਕਾਤਲ ਬਣ ਜਾਂਦੇ ਹਨ। ਜਿਸ ਸਮਾਜ ਵਿੱਚ ਆਪਣੇ ਆਪ ਨੂੰ ਸਹੀ ਰੱਖਣ ਲਈ ਇਹ ਕਦਮ ਚੁੱਕਿਆ ਜਾਂਦਾ ਹੈ, ਉਹ ਸਮਾਜ ਤੁਰੰਤ ਦੋ ਹਿੱਸਿਆਂ ਵਿੱਚ ਵੰਡਿਆ ਜਾਂਦਾ ਹੈ। ਅੱਧੇ ਕਹਿਣਗੇ ਬੇਇੱਜ਼ਤੀ ਨਾਲੋਂ ਤਾਂ ਬੱਚਿਆਂ ਨੂੰ ਮਾਰ ਕੇ ਜੇਲ੍ਹ ਜਾਣਾ ਹੀ ਚੰਗਾ ਹੈ, ਅੱਧੇ ਕਹਿਣਗੇ ਬੱਚਿਆਂ ਨੂੰ ਮਾਰ ਕੇ ਜੇਲ੍ਹ ਜਾਣ ਨਾਲੋਂ ਤਾਂ ਬੱਚਿਆਂ ਨਾਲ ਸਹਿਮਤ ਹੋਣਾ ਚੰਗਾ ਸੀ। ਸਮਾਜ ਦੋ ਹਿੱਸਿਆਂ ਵਿੱਚ ਕਿਉਂ ਵੰਡਿਆ ਗਿਆ? ਕਿਉਂਕਿ ਜੇ ਕਤਲ ਕਾਰਨ ਵਾਲੇ ਸਮਾਜ ਦਾ ਹਿੱਸਾ ਸਨ ਤਾਂ ਕਤਲ ਹੋਣ ਵਾਲੇ ਵੀ ਸਾਡੇ ਸਮਾਜ ਵਿੱਚੋਂ ਹੀ ਸਨ, ਸੋਚੋ ਅਜਿਹਾ ਕਰਕੇ ਕੀ ਮਿਲਿਆ? ਰਿਸ਼ਤੇ ਵੀ ਗਏ, ਪਿਆਰ ਵੀ ਗਿਆ, ਬੱਚੇ ਵੀ ਗਵਾ ਲਏ, ਆਪਣੀ ਜ਼ਿੰਦਗੀ ਵੀ ਨਰਕ ਬਣਾ ਲਈ ਅਤੇ ਸਮਾਜ ਵੀ ਨਹੀਂ ਰਿਹਾ।

ਇਹ ਗੱਲ ਇੱਥੇ ਹੀ ਖ਼ਤਮ ਨਹੀਂ ਹੁੰਦੀ ਕਿ ਵੱਡੇ (ਮਾਪੇ) ਹੀ ਛੋਟਿਆਂ (ਬੱਚਿਆਂ) ਉੱਤੇ ਆਪਣੀ ਸੋਚ ਥੋਪਦੇ ਹਨ, ਨਹੀਂ। ਸਮੇਂ ਅਨੁਸਾਰ ਛੋਟੇ (ਬੱਚੇ) ਵੀ ਵੱਡਿਆਂ (ਮਾਪਿਆਂ) ਉੱਤੇ ਆਪਣੀ ਸੋਚ ਉਵੇਂ ਹੀ ਥੋਪਦੇ ਹਨ, ਕਿਉਂਕਿ ਸਾਡੀ ਮਾਨਸਿਕਤਾ ਹੀ ਅਜਿਹੀ ਬਣੀ ਹੋਈ ਹੁੰਦੀ ਹੈ ਜਿਸ ਵਿੱਚ ਆਜ਼ਾਦੀ ਦੀ ਥਾਂ ਇੱਕ-ਦੂਜੇ ਦੀਆਂ ਭਾਵਨਾਵਾਂ (ਲੋੜਾਂ ਅਤੇ ਸੋਚਾਂ) ਨੂੰ ਸਮਝਣ ਦੀ ਥਾਂ ਉਨ੍ਹਾਂ ਉੱਤੇ ਆਪਣੀ ਸੋਚ ਥੋਪਣਾ ਚਾਹੁੰਦੇ ਹੁੰਦੇ ਹਾਂ। ਉਦਾਹਰਨ ਵਜੋਂ ਕਿਸੇ ਪਤੀ-ਪਤਨੀ ਵਿੱਚੋਂ ਪਤੀ ਜਾਂ ਪਤਨੀ ਮਰ ਜਾਵੇ ਤਾਂ ਸਾਡਾ ਸਮਾਜ ਉਨ੍ਹਾਂ ਵਿੱਚੋਂ ਬਚੇ ਹੋਏ ਇੱਕ ਵੱਲੋਂ ਦੁਬਾਰਾ ਵਿਆਹ ਕਰਵਾਉਣ ਨੂੰ ਠੀਕ ਨਹੀਂ ਸਮਝਦਾ, ਜਿਵੇਂ ਕਿ ਜੇ ਪਤੀ ਦੀ ਮੌਤ ਤੋਂ ਬਾਅਦ ਪਤਨੀ ਵਿਆਹ ਕਰਵਾਉਣਾ ਚਾਹੇ ਤਾਂ ਪਤਨੀ ਨੂੰ ਸਮਾਜ ਕਹੇਗਾ ਬਸ ਤੇਰੇ ਕਰਮਾਂ ਵਿੱਚ ਪਤੀ ਦਾ ਇੰਨਾ ਹੀ ਸੁੱਖ ਸੀ, ਹੁਣ ਤੂੰ ਆਪਣੇ ਇਸੇ ਬੱਚੇ ਨਾਲ ਸਮਾਂ ਕੱਟ, ਤੇਰੇ ਬੱਚੇ ਦਾ ਕੀ ਬਣੂ, ਖ਼ਬਰੈ ਅੱਗੇ ਕਿਹੋ ਜਿਹਾ ਮਾੜਾ ਬੰਦਾ ਟੱਕਰੇਗਾ, ਰੱਬ ਨੇ ਤੈਨੂੰ ਪੁੱਤ-ਧੀ ਦੇ ਦਿੱਤਾ ਹੈ, ਇਸ ਨੂੰ ਪਾਲ਼, ਹੁਣ ਤੂੰ ਵਿਆਹ ਕਰਵਾਉਂਦੀ ਚੰਗੀ ਨਹੀਂ ਲੱਗਦੀ। ਜੇ ਬੱਚੇ ਛੋਟੇ ਹੋਏ ਤਾਂ ਕਹਿਣਗੇ ਹੁਣ ਤੂੰ ਵਿਆਹ ਕਰਵਾ ਕੇ ਸਾਨੂੰ ਰੋਲੇਂਗੀ, ਜੇ ਵੱਡੇ ਹੋਏ ਤਾਂ ਕਹਿਣਗੇ ਹੁਣ ਅਸੀਂ ਜਵਾਨ ਜਾਂ ਬਾਲ ਬੱਚਿਆਂ ਵਾਲੇ ਹੋ ਗਏ ਹਾਂ, ਹੁਣ ਤੂੰ ਸਾਡੀ ਇੱਜ਼ਤ ਮਿੱਟੀ ਵਿੱਚ ਮਿਲਾਂਏਗੀ, ਹੁਣ ਤੈਨੂੰ ਵਿਆਹ ਦੀ ਕੀ ਲੋੜ ਹੈ ਆਦਿ।

ਇਹ ਹੈ ਸਾਡਾ ਪਿਆਰ, ਰਿਸ਼ਤੇ ਅਤੇ ਸਮਾਜ। ਅਜਿਹੇ ਸਮਾਜ ਨੂੰ ਸਵਾਲ ਤਾਂ ਕਰਨਾ ਬਣਦਾ ਹੀ ਹੈ ਕਿ ਕੀ ਮਾਪਿਆਂ ਦੀ ਸੋਚ ਅਨੁਸਾਰ ਹੀ ਬੱਚਿਆਂ ਦਾ ਵਿਆਹ ਕਰਵਾਉਣਾ ਜਾਂ ਕੀ ਬੱਚਿਆਂ ਦੀ ਸੋਚ ਅਨੁਸਾਰ ਹੀ ਮਾਪਿਆਂ ਦਾ ਵਿਆਹ ਨਾ ਕਰਵਾਉਣਾ ਚੰਗਾ ਹੈ? ਕੀ ਇਨਸਾਨ ਦੀ ਆਪਣੀ ਕੋਈ ਜ਼ਿੰਦਗੀ ਨਹੀਂ ਹੈ, ਜੋ ਉਹ ਆਪਣੀ ਸੋਚ ਅਨੁਸਾਰ ਜਿਉਂ ਸਕੇ? ਕੀ ਜ਼ਿੰਦਗੀ ਦਾ ਮਨੋਰਥ ਬੱਚੇ ਪੈਦਾ ਕਰਕੇ ਪਾਲਣ ਤੋਂ ਵੱਧ ਹੋਰ ਕੁਝ ਵੀ ਨਹੀਂ ਹੁੰਦਾ?

ਅਸੀਂ ਆਪਣੇ ਲਈ ਕਦੋਂ ਜਿਉਣਾ ਸਿੱਖਾਂਗੇ ਜਾਂ ਜਿਉਣ ਲੱਗਾਂਗੇ। ਪਹਿਲਾਂ ਬੱਚੇ ਮਾਪਿਆਂ ਅਨੁਸਾਰ ਜਿਉਣ, ਫਿਰ ਮਾਪੇ ਬੱਚਿਆਂ ਅਨੁਸਾਰ ਜਿਉਣ, ਜਿੰਨਾ ਜਵਾਨ ਬੱਚਿਆਂ ਨੂੰ ਮਾਪਿਆਂ ਵੱਲੋਂ ਆਪਣੀ ਸੋਚ ਅਨੁਸਾਰ ਨਾ ਚੱਲਣ ਦੇਣਾ ਜਾਂ ਆਪਣੀ ਪਸੰਦ ਦਾ ਵਿਆਹ ਨਾ ਕਰਵਾਉਣ ਦੇਣਾ ਗ਼ਲਤ ਹੈ, ਓਨਾ ਹੀ ਜਵਾਨ ਬੱਚਿਆਂ ਵੱਲੋਂ ਮਾਪਿਆਂ ਨੂੰ ਆਪਣੀ ਸੋਚ ਅਨੁਸਾਰ ਨਾ ਚੱਲਣ ਦੇਣਾ, ਕੋਈ ਅਣਹੋਣੀ ਹੋਣ ’ਤੇ ਆਪਣੀ ਲੋੜ ਮੁਤਾਬਿਕ ਵਿਆਹ ਨਾ ਕਰਵਾਉਣ ਦੇਣਾ ਜਾਂ ਉਨ੍ਹਾਂ ਦੀਆਂ ਵੰਡੀਆਂ ਪਾਉਣਾ ਵੀ ਗ਼ਲਤ ਹੈ। ਕਿਧਰੇ ਮਾਪੇ ਬੱਚਿਆਂ ਦੇ ਭੋਲੇਪਣ ਜਾਂ ਨਿਆਣੇਪਣ ਅਤੇ ਆਪਣੇ ਵਡੱਪਣ ਦਾ ਲਾਭ ਉਠਾਉਂਦਿਆਂ ਬੱਚਿਆਂ ਨੂੰ ਆਪਣੀ ਸੋਚ ਅਨੁਸਾਰ ਜਾਤੀ ਜਾਂ ਧਾਰਮਿਕ ਰੰਗਾਂ ਵਿੱਚ ਰੰਗ ਰਹੇ ਹਨ। ਮੈਂ ਅਜਿਹੇ ਮਾਪਿਆਂ ਦੀਆਂ ਵਧੀਕੀਆਂ ਦਾ ਸ਼ਿਕਾਰ ਹੋਏ ਸਮਝਦਾਰ ਬੱਚੇ ਵੀ ਰੋਂਦੇ ਵੇਖੇ ਹਨ। ਕਿਤੇ ਜਵਾਨ ਹੋਏ ਬੱਚੇ ਆਪਣੀ ਤਾਕਤ ਅਤੇ ਮਾਪਿਆਂ ਦੀ ਬੇਵਸੀ ਦਾ ਨਾਜਾਇਜ਼ ਫਾਇਦਾ ਉਠਾਉਂਦਿਆਂ ਆਪਣੀ ਸੋਚ ਅਨੁਸਾਰ ਮਾਪਿਆਂ ਦੀ ਸੋਚ ਦੇ ਰੰਗਾਂ ਨੂੰ ਉਤਾਰ ਰਹੇ ਹਨ, ਅਜਿਹੇ ਬੱਚਿਆਂ ਦੀਆਂ ਵਧੀਕੀਆਂ ਦਾ ਸ਼ਿਕਾਰ ਹੋਏ ਮਾਪੇ ਆਪਣੇ ਹੰਝੂ ਛੁਪਾ ਕੇ ਰੋਂਦੇ ਵੀ ਵੇਖੇ ਹਨ।

*(ਬਾਕੀ ਸਫਾ 15 ‘ਤੇ)*



# ਸਾਡੇ ਰਿਸ਼ਤੇ, ਪਿਆਰ ਅਤੇ ਸਮਾਜ

*(ਬਾਕੀ ਸਫਾ 14 ਦੀ)*

ਕਈ ਬੱਚੇ ਅੱਡ ਹੋਣ ਸਮੇਂ ਮਾਂ-ਪਿਓ ਨੂੰ ਇਕੱਠਿਆਂ ਰੋਟੀ ਦੇਣ ਦੀ ਥਾਂ ਜਾਇਦਾਦ ਦੇ ਨਾਲ ਨਾਲ ਉਨ੍ਹਾਂ ਨੂੰ ਵੀ ਅੱਧੋ ਅੱਧ ਵੰਡ ਕੇ ਵੱਖ ਵੱਖ ਕਰਦਿਆਂ ਇਕੱਲੇ ਇਕੱਲੇ ਨੂੰ ਤੜਫ਼ ਕੇ ਰੋਣ ਲਈ ਮਜਬੂਰ ਕਰ ਦਿੰਦੇ ਹਨ, ਜਿੱਥੇ ਉਨ੍ਹਾਂ ਦੇ ਕੋਈ ਹੰਝੂ ਪੂੰਝਣ ਵਾਲਾ ਵੀ ਨਹੀਂ ਹੁੰਦਾ, ਅਜਿਹੇ ਮਾਪੇ ਆਪਣੇ ਘਰ ਵਿੱਚ ਹੀ ਕੈਦੀ ਬਣ ਕੇ ਰਹਿ ਜਾਂਦੇ ਹਨ।

ਮਾਪੇ ਬੱਚਿਆਂ ਦੀ ਖ਼ੁਸ਼ੀ ਲਈ ਹਰ ਸੰਭਵ ਤੇ ਅਸੰਭਵ ਯਤਨ ਕਰਦੇ ਹਨ। ਮਾਪੇ ਆਪਣਾ ਸੁੱਖ ਆਰਾਮ ਤਿਆਗ ਕੇ ਬੱਚਿਆਂ ਦੇ ਵੇਖਣ, ਸੁਣਨ, ਖਾਣ-ਪੀਣ, ਪਹਿਨਣ ਅਤੇ ਰਹਿਣ ਸਹਿਣ ਦੀ ਹਰ ਵਸਤੂ ਮੁਹੱਈਆ ਕਰਵਾਉਣ ਦੀ ਕੋਸ਼ਿਸ਼ ਕਰਦੇ ਹਨ, ਇਸ ਦਾ ਮਤਲਬ ਇਹ ਨਹੀਂ ਹੁੰਦਾ ਕਿ ਮਾਪਿਆਂ ਨੂੰ ਆਪਣੇ ਮਨਪਸੰਦ ਦਾ ਵੇਖਣਾ, ਸੁਣਨਾ, ਖਾਣਾ-ਪੀਣਾ, ਪਹਿਨਣਾ ਅਤੇ ਰਹਿਣਾ ਸਹਿਣਾ ਚੰਗਾ ਨਹੀਂ ਲੱਗਦਾ। ਅਜਿਹਾ ਕੁਝ ਚੰਗਾ ਉਨ੍ਹਾਂ ਨੂੰ ਵੀ ਬੱਚਿਆਂ ਵਾਂਗ ਹੀ ਲੱਗਦਾ ਹੁੰਦਾ ਹੈ, ਪਰ ਉਹ ਬੱਚਿਆਂ ਦੀਆਂ ਖ਼ੁਸ਼ੀਆਂ ਲਈ ਆਪਣੀਆਂ ਖ਼ੁਸ਼ੀਆਂ ਅਤੇ ਪਸੰਦਾਂ ਉੱਤੇ ਕਾਬੂ ਪਾ ਕੇ ਰੱਖਦੇ ਹਨ ਕਿ ਆਪਣਾ ਕੀ ਹੈ, ਪਰ ਇਹ ਚੀਜ਼ਾਂ ਬੱਚਿਆਂ ਨੂੰ ਮਿਲਣੀਆਂ ਚਾਹੀਦੀਆਂ ਹਨ। ਆਪਣੇ ਬੱਚਿਆਂ ਨੂੰ ਹਰ ਸ਼ੈਅ ਮੁਹੱਈਆ ਕਰਵਾਉਣ ਵਾਲੇ ਮਾਪੇ ਅਖੀਰ ਹਰ ਸ਼ੈਅ ਤੋਂ ਵਾਂਝੇ ਹੋ ਕੇ ਆਪਣੀ ਜ਼ਿੰਦਗੀ ਨੂੰ ਖ਼ੁਦ ਲਈ ਨਾ ਜਿਉਣ ਦੇ ਪਛਤਾਵੇ ਵਿੱਚ ਬੈਠੇ ਮੌਤ ਦੀ ਉਡੀਕ ਕਰ ਰਹੇ ਹੁੰਦੇ ਹਨ।

ਜਿਹੜੇ ਘਰਾਂ ਵਿੱਚ ਮਾਪਿਆਂ ਅਤੇ ਬੱਚਿਆਂ ਦੇ ਰਿਸ਼ਤਿਆਂ ਅਤੇ ਪਿਆਰ ਦੇ ਰੰਗ ਗੂੜ੍ਹੇ ਹਨ, ਜੋ ਇਨਸਾਨੀ ਕਦਰਾਂ ਕੀਮਤਾਂ ਨੂੰ ਸਮਝਦੇ ਹਨ, ਉਨ੍ਹਾਂ ਘਰਾਂ ਵਿੱਚ ਨਸ਼ੇ, ਲੜਾਈਆਂ-ਝਗੜੇ, ਕਤਲ ਜਾਂ ਖ਼ੁਦਕੁਸ਼ੀਆਂ ਜਿਹੀਆਂ ਸਮਾਜਿਕ ਬੁਰਾਈਆਂ ਜਨਮ ਨਹੀਂ ਲੈਂਦੀਆਂ, ਪਰ ਜਿਹੜੇ ਘਰਾਂ ਵਿੱਚ ਇਨਸਾਨੀ ਕਦਰਾਂ ਕੀਮਤਾਂ ਦੀ ਘਾਟ, ਆਪਸੀ ਤਾਲਮੇਲ, ਇੱਕ-ਦੂਜੇ ਦੀਆਂ ਸੋਚਾਂ ਅਤੇ ਲੋੜਾਂ ਨੂੰ ਸਮਝਣ, ਸਮਝਾਉਣ ਦੀ ਕਮੀ ਹੁੰਦੀ ਹੈ, ਉੱਥੇ ਹੀ ਨਸ਼ੇ, ਲੜਾਈਆਂ-ਝਗੜੇ, ਕਤਲ ਜਾਂ ਖ਼ੁਦਕੁਸ਼ੀਆਂ ਵਰਗੀਆਂ ਭੈੜੀਆਂ ਘਟਨਾਵਾਂ ਵਾਪਰਦੀਆਂ ਹਨ। ਅਫ਼ਸੋਸ ਹੈ ਕਿ ਅਸੀਂ ਆਪਣੇ ਅੰਦਰ ਝਾਤੀ ਮਾਰਨ ਜਾਂ ਆਪਣੀਆਂ ਕਮੀਆਂ ਨੂੰ ਸਮਝਣ ਦੀ ਥਾਂ ਸਾਰੇ ਦੋਸ਼ ਦੂਜਿਆਂ ਸਿਰ ਮੜ੍ਹ ਕੇ ਆਪ ਸੁਰਖਰੂ ਹੋ ਜਾਂਦੇ ਹਾਂ, ਜਿਸ ਕਾਰਨ ਇਹ ਵਰਤਾਰਾ ਵਧ ਰਿਹਾ ਹੈ। ਸਾਡੇ ਰਿਸ਼ਤਿਆਂ ਅਤੇ ਪਿਆਰ ਦੇ ਰੰਗ ਤਾਂ ਇੰਨੇ ਫਿੱਕੇ ਪੈ ਚੁੱਕੇ ਹਨ ਕਿ ਅਸੀਂ ਆਪਣੀਆਂ ਪਰਿਵਾਰਕ ਕਮੀਆਂ, ਲੜਾਈਆਂ, ਝਗੜਿਆਂ ਕਾਰਨ ਛੋਟੇ ਵੱਡਿਆਂ ਵੱਲੋਂ ਕੀਤੀਆਂ ਖ਼ੁਦਕੁਸ਼ੀਆਂ ਨੂੰ ਬੇਰੁਜ਼ਗਾਰੀ ਅਤੇ ਆਰਥਿਕਤਾ ਨਾਲ ਜੋੜ ਕੇ ਉਸ ਦਾ ਵੀ ਮੁੱਲ ਵੱਟ ਲੈਂਦੇ ਹਾਂ। ਇਹ ਹੈ ਸਾਡੇ ਰਿਸ਼ਤਿਆਂ, ਪਿਆਰ ਅਤੇ ਸਮਾਜ ਦੀ ਤਰਾਸਦੀ। ਬੱਚਿਓ ਅਤੇ ਮਾਪਿਓ ਸਮਝ ਜਾਓ, ਆਪਣੀਆਂ ਜ਼ਿੱਦਾਂ, ਬੰਦਸ਼ਾਂ, ਅਖੌਤੀ ਇੱਜ਼ਤਾਂ, ਜਾਤਾਂ ਅਤੇ ਧਰਮਾਂ ਨੂੰ ਛੱਡ ਕੇ ਆਪਣੇ ਰਿਸ਼ਤਿਆਂ ਅਤੇ ਪਿਆਰ ਨੂੰ ਬਚਾ ਕੇ ਸੋਹਣਾ, ਪਿਆਰਾ ਅਤੇ ਆਜ਼ਾਦ ਸਮਾਜ ਸਿਰਜ ਲਓ। ਇਨ੍ਹਾਂ ਜ਼ਿੱਦਾਂ, ਬੰਦਸ਼ਾਂ, ਅਖੌਤੀ ਇੱਜ਼ਤਾਂ, ਜਾਤਾਂ ਅਤੇ ਧਰਮਾਂ ਨੇ ਤੁਹਾਡੇ ਕੋਲ ਸਭ ਕੁਝ ਯਾਨੀ ਪੈਸਾ, ਕਾਰਾਂ, ਕੋਠੀਆਂ ਆਦਿ ਹੁੰਦਿਆਂ ਵੀ ਜ਼ਿੰਦਗੀ ਦਾ ਅਨੰਦ ਨਹੀਂ ਆਉਣ ਦੇਣਾ।

ਇਸ ਲਈ ਆਓ ਅਸੀਂ ਸਾਰੇ ਰਲ਼ ਕੇ ਆਪਣੇ ਵਿਕਾਰਾਂ ਨੂੰ ਤਿਆਗ ਕੇ ਇੱਕ-ਦੂਜੇ ਉੱਤੇ ਆਪਣੀ ਸੋਚ ਥੋਪ ਕੇ ਪਿਆਰੇ ਰਿਸ਼ਤਿਆਂ ਦੇ ਰੰਗਾਂ ਨੂੰ ਫਿੱਕਾ ਕਰਕੇ ਨਫ਼ਰਤਾਂ ਫੈਲਾਉਣਾ ਬੰਦ ਕਰੀਏ। ਨਸ਼ੇ ਜਾਂ ਖ਼ੁਦਕੁਸ਼ੀਆਂ ਕਰਨ ਦੀ ਥਾਂ ਆਪੋ ਆਪਣੀ ਸੋਚ ਅਨੁਸਾਰ ਜ਼ਿੰਦਗੀ ਜਿਉਣ ਲਈ ਇੱਕ-ਦੂਜੇ ਦਾ ਸਾਥ ਦੇ ਕੇ ਪਿਆਰੇ ਰਿਸ਼ਤਿਆਂ ਦੇ ਰੰਗਾਂ ਨੂੰ ਹੋਰ ਵੀ ਗੂੜ੍ਹਾ ਕਰੀਏ। ਮੇਰਾ ਇਹ ਮਤਲਬ ਬਿਲਕੁਲ ਨਹੀਂ ਹੈ ਕਿ ਸਾਨੂੰ ਇੱਕ-ਦੂਜੇ ਦੀ ਗੱਲ ਨਹੀਂ ਮੰਨਣੀ ਚਾਹੀਦੀ ਜਾਂ ਆਪੋ ਧਾਪੀ ਕਰਨੀ ਚਾਹੀਦੀ ਹੈ, ਬਲਕਿ ਮੈਂ ਚਾਹੁੰਦਾ ਹਾਂ ਕਿ ਸਾਨੂੰ ਰਿਸ਼ਤਿਆਂ ਵਿੱਚ ਪਿਆਰ ਕਾਇਮ ਰੱਖਣ ਲਈ ਬੱਚਿਆਂ-ਮਾਪਿਆਂ ਦੀਆਂ ਭਾਵਨਾਵਾਂ (ਲੋੜਾਂ ਅਤੇ ਸੋਚਾਂ) ਦਾ ਧਿਆਨ ਰੱਖਦਿਆਂ ਹਰ ਗੱਲ 'ਤੇ ਆਪਸ ਵਿੱਚ ਮਿਲ ਬੈਠ ਕੇ ਵਿਚਾਰ ਕਰਨੀ ਚਾਹੀਦੀ ਹੈ। ਕਿਸੇ ਦੀ ਗੱਲ ਨੂੰ ਵੱਡਿਆਂ ਜਾਂ ਛੋਟਿਆਂ ਦੀ ਇੱਜ਼ਤ ਦਾ ਸਵਾਲ ਬਣਾਉਣ ਜਾਂ ਦੂਜੇ ਦੀ ਜ਼ਿੰਦਗੀ ਵਿੱਚ ਰੁਕਾਵਟ ਪਾਉਣ ਦੀ ਥਾਂ ਸਹਿਯੋਗ ਦੇਣਾ ਚਾਹੀਦਾ ਹੈ। ਬੇਸ਼ੱਕ ਕਾਨੂੰਨ ਨੇ ਸਾਨੂੰ ਸਭ ਨੂੰ ਅਜਿਹੇ ਹੱਕ ਦਿੱਤੇ ਹੋਏ ਹਨ ਕਿ ਕੋਈ ਕਿਸੇ ਦੀ ਨਿੱਜੀ ਜ਼ਿੰਦਗੀ ਵਿੱਚ ਦਖਲ ਨਹੀਂ ਦੇ ਸਕਦਾ, ਪਰ ਜੇ ਉਹ ਜਾਇਜ਼ ਹੱਕ ਵੀ ਅਸੀਂ ਆਪਸ ਵਿੱਚ ਲੜ ਕੇ, ਰਿਸ਼ਤੇ ਅਤੇ ਪਿਆਰ ਗਵਾ ਕੇ ਪ੍ਰਾਪਤ ਕੀਤੇ, ਫਿਰ ਕੀ ਫਾਇਦਾ ਹੋਇਆ? ਕਿੰਨਾ ਚੰਗਾ ਹੋਵੇ ਕਿ ਜੇ ਅਸੀਂ ਇੱਕ-ਦੂਜੇ ਤੋਂ ਹੱਕ ਲੈਣ ਲਈ ਲੜ ਕੇ ਹੱਥ ਉਠਾਉਣ ਦੀ ਥਾਂ, ਇੱਕ-ਦੂਜੇ ਨੂੰ ਉਸ ਦੇ ਹੱਕ ਦੇਣ ਲਈ ਪਿਆਰ ਨਾਲ ਹੱਥ ਅੱਗੇ ਵਧਾਈਏ, ਫਿਰ ਉਨ੍ਹਾਂ ਉੱਠੇ ਹੱਥਾਂ ਵਿੱਚੋਂ ਨਫ਼ਰਤ ਦੀ ਥਾਂ ਸਾਡੇ ਰਿਸ਼ਤਿਆਂ ਦਾ ਪਿਆਰ ਝਲਕੇਗਾ ਅਤੇ ਫਿਰ ਸਾਡਾ ਸਮਾਜ ਵੀ ਪਿਆਰ ਦੇ ਗੂੜ੍ਹੇ ਰੰਗ ਵਿੱਚ ਰੰਗਿਆ ਜਾਵੇਗਾ।









# ਰੱਜੀਆਂ ਨੀਅਤਾਂ ਵਾਲੇ...



ਵੈਸੇ 'ਭੁੱਖ' ਤੇ 'ਲਾਲਸਾ' ਦੀ ਕੋਈ ਹੱਦ/ ਸੀਮਾ ਨਹੀਂ ਹੁੰਦੀ। ਜੀਵਨ ਦੇ ਆਦਿ ਨਾਲ ਹੀ ਇਨ੍ਹਾਂ ਦਾ ਆਦਿ ਹੁੰਦਾ ਹੈ ਤੇ ਜੀਵਨ ਦੇ ਅੰਤ ਨਾਲ ਹੀ ਇਨ੍ਹਾਂ ਦਾ ਅੰਤ ਹੋ ਜਾਂਦਾ ਹੈ, ਪਰ ਚੱਲਦੇ ਜੀਵਨ ਕਾਲ ਵਿੱਚ ਰੱਜੀ ਨੀਅਤ ਵਾਲੇ ਮਾਣਮੱਤੇ ਇਨਸਾਨ ਭੁੱਖ ਤੇ ਲਾਲਸਾ ਨੂੰ ਕਾਫ਼ੀ ਹੱਦ ਤੱਕ ਕਾਬੂ ਰੱਖਣ ਵਿੱਚ ਪੂਰਨ ਸਮਰੱਥ ਹੁੰਦੇ ਹਨ। ਇਹ ਮਾਣਮੱਤੇ ਕਿਸੇ ਵੀ ਮੁਸੀਬਤ ਅਤੇ ਸੰਕਟ ਸਮੇਂ ਆਪਣਾ 'ਸਬਰ ਸੰਤੋਖ' ਪੂਰਾ ਕਾਇਮ ਰੱਖਦੇ ਹਨ। ਕੁਦਰਤ ਦੀਆਂ ਬਖ਼ਸ਼ਿਸ਼ਾਂ ਦੇ ਮੱਦੇਨਜ਼ਰ ਕੁਦਰਤ ਦਾ ਹਮੇਸ਼ਾਂ ਸ਼ੁਕਰ ਗੁਜ਼ਾਰ ਹੁੰਦੇ ਹਨ। 'ਸੁੱਖ ਵੀ ਤੇਰਾ ਤੇ ਦੁੱਖ ਵੀ ਤੇਰਾ' ਦੀ ਸੋਚ ਦੇ ਧਾਰਨੀ ਹੁੰਦੇ ਹਨ। ਕਿਸੇ ਥੋੜ੍ਹ, ਕਮੀ ਜਾਂ ਕੋਈ ਹੋਏ ਘਾਟੇ, ਨੁਕਸਾਨ ਵੱਲ ਵੇਖ ਝੂਰਦੇ ਨਹੀਂ। ਸਗੋਂ ਮਿਹਨਤ ਨਾਲ ਘਾਟਾ ਪੂਰਾ ਕਰਨ ਦੇ ਯਤਨਾਂ ਵਿੱਚ ਜ਼ਰੂਰ ਰਹਿੰਦੇ ਹਨ, ਪਰ ਇਨ੍ਹਾਂ ਦੀ ਕਿਰਤ, ਖੋਟ /ਬੇਈਮਾਨੀ ਤੋਂ ਮੁਕਤ ਹੁੰਦੀ ਹੈ। ਇਸ ਵਿੱਚ ਇਮਾਨਦਾਰੀ ਪੂਰੀ ਝਲਕ ਰਹੀ ਹੁੰਦੀ ਹੈ। ਕਿਸੇ ਦਾ ਹੱਕ ਮਾਰਨ ਨੂੰ ਇਹ ਮਾਣਮੱਤੇ ਉਸ ਜ਼ਹਿਰ ਤੁੱਲ ਸਮਝਦੇ ਹਨ ਜੋ ਨੈਤਿਕਤਾ ਤੇ ਕਿਰਦਾਰ ਨੂੰ ਹੀ ਖ਼ਤਮ ਕਰਨ ਦੀ ਤਾਕਤ ਰੱਖਦੀ ਹੈ।

'ਜਮ੍ਹਾਂਖੋਰੀ' ਦੀ ਥਾਂ ਇਹ 'ਵੰਡ ਛਕਣ' ਦੇ ਸਿਧਾਂਤ ਦੇ ਮੁਰੀਦ ਹੁੰਦੇ ਹਨ। ਇਨ੍ਹਾਂ ਦੀ ਇੱਛਾ ਹੁੰਦੀ ਹੈ ਕਿ ਜੋ ਸੁੱਖ/ਸਹੂਲਤਾਂ ਉਨ੍ਹਾਂ ਨੂੰ ਮਿਲ ਰਹੀਆਂ ਹਨ, ਇਹ ਸਭ ਹੋਰ ਲੋੜਵੰਦਾਂ ਨੂੰ ਵੀ ਮਿਲਣ। ਉਹ ਥੋੜ੍ਹੇ ਵਿੱਚੋਂ ਵੀ ਹੋਰ ਲੋੜਵੰਦਾਂ ਦੀ ਸਹਾਇਤਾ ਕਰਨ ਨੂੰ ਪੂਰੀ ਤਰਜੀਹ ਦਿੰਦੇ ਹਨ। ਸਾਡੇ ਇਲਾਕੇ ਦਾ ਇੱਕ ਕਿਰਤੀ ਹੈ ਜੋ ਆਮ ਕਰਕੇ 'ਨਿਹੰਗ' ਬਾਣੇ ਵਿੱਚ ਹੀ ਵਿਚਰਦਾ ਹੈ। ਉਹ ਤੁਛ ਜਿਹੀ ਆਪਣੀ ਕਿਰਤ ਕਮਾਈ ਵਿੱਚੋਂ ਅਕਸਰ ਅਪਹਾਜ/ਲੋੜਵੰਦ ਲੋਕਾਂ ਦੀ ਨਿਸ਼ਕਾਮ ਸੇਵਾ ਦੇ ਕਾਰਜ ਵੀ ਕਰਦਾ ਰਹਿੰਦਾ ਹੈ। ਇਸ ਤਰ੍ਹਾਂ ਇੱਕ ਹੋਰ ਕਿਰਤੀ ਹੈ ਜੋ ਕੰਮ ਦੀ ਭਾਲ ਵਿੱਚ ਪੈਰੀਂ ਚੱਪਲਾਂ ਪਾਈਂ ਖੜ੍ਹਾ ਸੀ। ਕਿਸੇ ਨੇ ਉਸ ਨੂੰ ਬੂਟ ਦਾਨ ਕਰਨੇ ਚਾਹੇ ਤਾਂ ਅੱਗੋਂ ਉਸ ਨੇ ਬੜੀ ਹਲੀਮੀ ਨਾਲ ਉਸ ਨੂੰ ਕਿਹਾ, 'ਰੱਬ ਦੇ ਕੰਮ ਕਰਨ ਵਾਲੇ ਮਿਹਰਬਾਨ ਵੀਰਿਆ! ਇਹ ਬੂਟ ਮੇਰੇ ਤੋਂ ਵਧੇਰੇ ਜ਼ਰੂਰਤਮੰਦ ਜਿਸ ਦੇ ਪੈਰੀਂ ਚੱਪਲਾਂ ਵੀ ਨਾ ਹੋਣ, ਉਸ ਨੂੰ ਦੇ ਦੇਣੇ।' ਉਸ ਦਾ ਨਿਮਰਤਾ ਭਰਿਆ ਇਹ ਕਹਿਣਾ ਉਸ ਦੀ ਰੱਜੀ ਨੀਅਤ ਦਾ ਹੀ ਸਬੂਤ ਸੀ।

ਰੱਜੀ ਨੀਅਤ ਵਾਲੇ ਭੀੜ ਭੜੱਕੇ ਵੇਲੇ ਵੀ ਰੇਲਾਂ ਤੇ ਬੱਸਾਂ ਵਿੱਚ ਚੜ੍ਹਨ ਸਮੇਂ ਬੱਚਿਆਂ ਜਾਂ ਬੱਚਿਆਂ ਨੂੰ ਕੁੱਛੜ ਚੁੱਕੇ ਹੋਏ ਵਿਅਕਤੀਆਂ ਮਰਦ/ ਔਰਤਾਂ/ ਬਜ਼ੁਰਗਾਂ/ਅਪੰਗ ਵਿਅਕਤੀਆਂ ਦੇ ਚੜ੍ਹਨ ਨੂੰ ਪਹਿਲ ਦੇਣਾ ਨੈਤਿਕ ਭਰਿਆ ਫਰਜ਼ ਸਮਝਦੇ ਹਨ। ਅੱਗੇ ਸਫ਼ਰ ਦੌਰਾਨ ਵੀ ਵੇਖਿਆ ਜਾ ਸਕਦਾ ਹੈ ਕਿ ਸੀਟਾਂ ਉਤੇ ਬੈਠੇ ਕਈ ਮਾਣਮੱਤੇ ਲੋਕ ਖੜ੍ਹੇ ਲੋਕਾਂ ਖ਼ਾਸ ਕਰਕੇ ਬਜ਼ੁਰਗ ਜਾਂ ਬਿਮਾਰ ਆਦਿ ਲਈ ਬੈਠਣ ਲਈ ਜਗ੍ਹਾ ਦੀ ਗੁੰਜਾਇਸ਼ ਬਣਾ ਹੀ ਲੈਂਦੇ ਹਨ। ਕਈ ਤਾਂ ਖ਼ੁਦ ਖੜ੍ਹੇ ਹੋ ਕੇ ਹੋਰ ਲੋੜਵੰਦ ਲਈ ਸੀਟ ਵੀ ਛੱਡ ਦਿੰਦੇ ਹਨ। ਅਜਿਹੀ ਪਰਉਪਕਾਰਤਾ ਵਾਲੇ ਕਾਰਜ ਰੱਜੀਆਂ ਰੂਹਾਂ ਵਾਲਿਆਂ ਦੇ ਹਿੱਸੇ ਹੀ ਆਉਂਦੇ ਹਨ।

ਹਸਪਤਾਲਾਂ ਜਾਂ ਹੋਰ ਕਿਤੇ ਜਿੱਥੇ ਵੀ ਲਾਈਨ ਵਿੱਚ ਲੱਗ ਕੇ ਕਿਸੇ ਖਿੜਕੀ 'ਤੇ ਕੰਮ ਹੋ ਰਹੇ ਹੋਣ/ ਸੇਵਾਵਾਂ ਲਈਆਂ ਜਾ ਰਹੀਆਂ ਹੋਣ ਤਾਂ ਰੱਜੀ ਨੀਅਤ ਵਾਲੇ ਲੋਕ ਵਾਰੀ (ਕਤਾਰ) ਦੀ ਮਰਿਆਦਾ ਵਿੱਚ ਹੀ ਰਹਿੰਦੇ ਹਨ। ਐਮਰਜੈਂਸੀ ਸਮੇਂ ਤਾਂ ਆਪਣੀ ਵਾਰੀ ਵੀ ਲੋੜਵੰਦ ਲੋਕਾਂ ਦੇ ਸਪੁਰਦ ਕਰਨ ਵਿੱਚ ਮਾਣ ਮਹਿਸੂਸ ਕਰਦੇ ਵੇਖੇ ਜਾ ਸਕਦੇ ਹਨ।

ਹੋਰਨਾਂ ਦੀ ਪੀੜਾ, ਰੋਣਿਆਂ / ਝੋਣਿਆਂ /ਦੁੱਖਾਂ / ਗ਼ਮਾਂ /ਤਣਾਓ ਆਦਿ ਘਟਾਉਣ ਲਈ ਆਲੇ ਦੁਆਲੇ ਵਿੱਚ ਸਕੂਨ ਤੇ ਹਾਸਿਆਂ ਦੇ ਛਣਕਾਟੇ/ਗੱਫ਼ੇ ਵਰਤਾਉਣ ਆਦਿ ਦਾ ਸੰਭਵ ਯਤਨ ਵੀ ਰੱਜੀਆਂ ਨੀਅਤਾਂ ਵਾਲੀਆਂ ਰੂਹਾਂ ਹੀ ਕਰਦੀਆਂ ਹੋਈਆਂ ਆਮ ਹੀ ਨਜ਼ਰ ਪੈ ਜਾਂਦੀਆਂ ਹਨ। ਲੱਗਦੀਆਂ ਸੱਥਾਂ, ਸੱਜਦੀਆਂ ਮਹਿਫ਼ਲਾਂ ਵਿੱਚ ਅਕਸਰ ਤਣਾਅ ਮੁਕਤੀ ਦੇ ਸਕੂਨ ਭਰੇ ਸਬੱਬ ਬਣ ਕੇ ਵਰਤਣ ਵਾਲੇ ਵਰਤਾਰਿਆਂ ਵਿੱਚ ਵੀ ਰੱਜੀਆਂ ਨੀਅਤਾਂ ਦੀ ਬਰਕਤ ਹੁੰਦੀ ਹੈ। ਜਿਸ ਕਰਕੇ ਆਲਸ ਤੇ ਰੋਗ ਇਨ੍ਹਾਂ ਤੋਂ ਕੋਹਾਂ ਦੂਰ ਹੀ ਰਹਿੰਦੇ ਹਨ। ਸਰੀਰਕ, ਮਾਨਸਿਕ ਤੰਦਰੁਸਤੀ ਉਸਾਰੂ ਕਾਰਜਾਂ ਲਈ ਫੁਰਤੀ ਤੇ ਚੁਸਤੀ ਦੇ ਇਹ ਸ਼ਾਹ ਸਵਾਰ ਨਾਇਕ ਵਜੋਂ ਵੀ ਉੱਭਰਦੇ ਹਨ। ਜਿਸ ਵੀ ਕਾਰਜ ਨੂੰ ਹੱਥ ਪਾਉਂਦੇ ਹਨ, ਉਸ ਨੂੰ ਇਕਾਗਰ ਚਿੱਤ ਹੋ (ਨਿੱਠ) ਕੇ ਕਰਦੇ ਹਨ। ਨਤੀਜੇ ਵਜੋਂ ਸਫਲ ਕਾਰਜ ਇਨ੍ਹਾਂ ਦੀ ਕਮਾਈ ਦੀ ਮੂੰਹ ਬੋਲਦੀ ਤਸਵੀਰ ਹੁੰਦੀ ਹੈ। ਸਮਾਜ ਭਲਾਈ ਲਈ ਸਾਰਥਕ ਕਾਰਜਾਂ ਲਈ ਇਹ ਖ਼ੁਦ ਮੂਹਰੇ ਹੋ ਕੇ ਨਿੱਤਰਦੇ ਹਨ। ਅਜਿਹੇ ਮਾਣਮੱਤੇ ਕਾਰਜਾਂ ਲਈ ਡਟੇ ਉੱਦਮੀਆਂ ਨੂੰ ਉਤਸ਼ਾਹਿਤ ਕਰਨਾ ਅਤੇ ਹੱਲਾਸ਼ੇਰੀ ਦੇ ਕੇ ਨੇਪਰੇ ਚਾੜ੍ਹਨਾ ਇਨ੍ਹਾਂ ਦੀ ਸੱਚੀ ਸੁੱਚੀ ਫ਼ਿਤਰਤ ਹੁੰਦੀ ਹੈ। ਇਹ ਮਾਣਮੱਤੇ ਲੋਕ ਵਾਤਾਵਰਨ ਸਾਫ਼ ਸੁਥਰਾ, ਹਰਿਆ ਭਰਿਆ ਤੇ ਸੁਹਾਵਣਾ ਬਣਾਉਣ ਦੇ ਸੁਹਿਰਦ ਯਤਨਾਂ ਨੂੰ ਬਲਿਹਾਰੀ ਕੁਦਰਤਿ ਵਸਿਆ॥ ਨੂੰ ਅਸਲ ਸਿਜਦਾ ਕਰਨ ਦੇ ਬਰਾਬਰ ਸਮਝਦੇ ਹਨ।

ਰੱਜੀ ਨੀਅਤ ਦੇ ਮਾਲਕ ਇਹ ਲੋਕ ਇਸ ਅਭਿਆਸੀ ਸੋਚ ਨੂੰ ਵੀ ਪ੍ਰਣਾਏ ਹੁੰਦੇ ਹਨ ਕਿ ਸਿਰਫ਼ ਮਾਰ ਧਾੜ ਦੇ ਖ਼ਤਰਨਾਕ ਮਨਸੂਬਿਆਂ ਤੇ ਮਾਰੂ ਮੁਹਿੰਮਾਂ ਦੇ ਲੁਟੇਰਿਆਂ ਨੂੰ ਹੀ 'ਅੰਨ੍ਹੀ ਤਾਕਤ' ਦੀ ਲੋੜ ਪੈਂਦੀ ਹੈ, ਜਦੋਂਕਿ ਆਮ ਲੋਕਾਂ ਦੇ ਭਲਾਈ ਕਾਰਜਾਂ ਨੂੰ ਨੇਪਰੇ ਚਾੜ੍ਹਨ ਲਈ ਤਾਂ ਪ੍ਰੇਮ ਪਿਆਰ ਭਰੀ ਮੁਸ਼ੱਕਤ ਘਾਲ ਸਾਜ਼ਗਾਰ ਹੋ ਨਿੱਬੜਦੀ ਹੈ।

ਇਸੇ ਕਰਕੇ ਈਰਖਾ, ਵੈਰ ਵਿਰੋਧ ਤੋਂ ਉੱਪਰ ਉੱਠ ਕੇ ਪਰਉਪਕਾਰਤਾ ਨੂੰ ਸਮਰਪਿਤ ਸੱਚੇ ਮਾਰਗ ਦੇ ਪਾਂਧੀ ਬਣ ਕੇ ਉਸਤਤਿ ਦੇ ਭਾਗੀ ਬਣਨਾ ਇਨ੍ਹਾਂ ਮਾਣਮੱਤਿਆਂ ਦਾ ਸੁਭਾਗ ਹੁੰਦਾ ਹੈ। ਇਹ ਆਪਣੇ ਦਿਲਾਂ ਦੇ ਬਰੂਹੀਂ ਪਿਆਰ ਮੁਹੱਬਤ ਦਾ ਤੇਲ ਹਮੇਸ਼ਾਂ ਚੋਈ ਰੱਖਦੇ ਹਨ ਤੇ ਇਨ੍ਹਾਂ ਦਾ ਗੁਲਾਬ ਵਰਗਾ ਖਿੜਿਆ ਚਿਹਰਾ ਤੇ ਮੁਸਕਾਨ ਭਰੀ ਤੱਕਣੀ 'ਜੀ ਆਇਆਂ' ਆਖਦੀ ਹੋਈ ਪ੍ਰਤੀਤ ਹੁੰਦੀ ਹੈ। ਇਨ੍ਹਾਂ ਦਾ ਅਜਿਹਾ ਸਾਊ ਵਿਵਹਾਰ/ ਸਲੀਕਾ ਹੀ ਅਸਲ ਅਮੀਰੀ ਦਾ ਅਮੁੱਕ ਖ਼ਜ਼ਾਨਾ ਹੁੰਦਾ ਹੈ। ਇਨ੍ਹਾਂ ਨਾਲ ਅਚਣਚੇਤ ਹੋਈ ਘੜੀ ਪਲ ਦੀ ਹੋਈ ਮੁਲਾਕਾਤ ਅਭੁੱਲ ਸਦੀਵੀ ਯਾਦ ਬਣ ਜਾਂਦੀ ਹੈ।

ਇਨਸਾਨੀਅਤ ਧਰਮ ਦੇ ਇਨ੍ਹਾਂ ਪੁਜਾਰੀਆਂ ਨੂੰ ਅਖੌਤੀ ਕਰਮਕਾਂਡ ਮੋਹਿਤ ਨਹੀਂ ਕਰ ਸਕਦੇ। ਅਨੁਸ਼ਾਸਨ/ਅਸੂਲਾਂ ਨੂੰ ਰੱਬ ਦੇ ਨਿਆਈਂ ਮੰਨਦੇ ਹੋਏ ਸਤਿਕਾਰ ਦਿੰਦੇ ਹਨ। ਰੱਜੀ ਨੀਅਤ ਵਾਲੇ ਇਹ ਲੋਕ 'ਖੋਹ ਮਈ' ਦੀ ਥਾਂ 'ਨਿਆਂ ਪੂਰਨ ਵੰਡ ਵੰਡੀਏ' ਨੂੰ ਤਰਜੀਹ ਦੇ ਕੇ ਅਮਨ ਚੈਨ ਦੀ ਸਥਿਤੀ ਬਹਾਲ ਕਰਨ ਦੇ ਹਰ ਸੰਭਵ ਯਤਨਾਂ ਵਿੱਚ ਰਹਿੰਦੇ ਹਨ। ਬੇਨਿਆਈਂ/ ਬੇਇਨਸਾਫੀ ਵਿਰੁੱਧ ਵੀ ਝੰਡਾ ਬਰਦਾਰਾਂ ਵਿੱਚ ਰੱਜੀ ਨੀਅਤ ਵਾਲੇ ਮੂਹਰੇ ਹੋ ਕੇ ਇਨਸਾਫ਼ ਲਈ ਜੂਝਦੇ ਵੇਖੇ ਜਾ ਸਕਦੇ ਹਨ ਤੇ ਲੋੜ ਪੈਣ 'ਤੇ ਸਿਰ ਧੜ ਦੀ ਬਾਜ਼ੀ ਲਾਉਣ ਤੋਂ ਵੀ ਇਹ ਪਿੱਛੇ ਨਹੀਂ ਹਟਦੇ। ਸਗੋਂ ਹਰ ਤਰ੍ਹਾਂ ਦੀ ਕੁਰਬਾਨੀ ਦੇ ਕੇ ਇਨਸਾਨੀਅਤ ਦੇ ਹੱਕਾਂ ਦੇ ਰਾਖੇ ਵੀ ਅਖਵਾ ਜਾਂਦੇ ਹਨ। ਅਜਿਹੀ ਰੱਜੀ ਨੀਅਤ ਵਾਲੇ ਲੋਕਾਂ ਦੀ ਇਸ ਮਤਲਬੀ ਦੁਨੀਆ ਵਿੱਚ ਕੋਈ ਕਮੀ ਨਹੀਂ ਜੋ ਸੁੱਤੇ ਸਿੱਧ ਹੀ ਆਪਣੀ ਰੱਜੀ ਨੀਅਤ ਦੇ ਮਾਲਕ ਹੋਣਾ ਸਾਬਤ ਕਰਦੇ ਹਨ। ਸੋ ਸਾਨੂੰ ਵੀ ਅਹੰਕਾਰ ਦੀ ਐਨਕ ਉਤਾਰ ਕੇ ਅਜਿਹੇ ਮਾਣਮੱਤੇ ਇਨਸਾਨਾਂ ਦੀ ਇਸ ਸੱਚੀ ਸੁੱਚੀ ਪ੍ਰਤਿਭਾ ਨੂੰ ਪਛਾਣਦਿਆਂ ਅਜਿਹੀ ਸੱਚੀ ਸੁੱਚੀ/ ਨਿਰਛਲ ਪ੍ਰਤਿਭਾ ਦੇ ਹਾਣੀ ਬਣਨ ਦੇ ਯਤਨ ਜ਼ਰੂਰ ਕਰਨੇ ਚਾਹੀਦੇ ਹਨ ਤਾਂ ਕਿ ਕਿਤੇ ਨਾ ਕਿਤੇ ਹੋ ਰਹੇ ਭਲਾਈ ਕਾਰਜਾਂ ਵਿੱਚ ਸੁੱਤੇ ਸਿੱਧ ਸਾਡਾ ਵੀ ਯੋਗਦਾਨ ਪੈ ਸਕੇ।

ਰਾਈਟਵੇਅ ਟੈਂਟ ਐਂਡ ਪਾਰਟੀ ਰੈਂਟਲ
HIGH PEAK & LOW PEAK TENT AVIALBLE HERE
ਘਰ ਵਿਚ ਕਿਸੇ ਵੀ ਪ੍ਰੋਗਰਾਮ ਲਈ ਟੈਂਟ, ਟੇਬਲ, ਕੁਰਸੀਆਂ, ਸਾਊਂਡ ਸਿਸਟਮ, ਲਾਈਟਾਂ, ਡਿਸਪੋਜ਼ੇਬਲ ਕਟਲਰੀ, ਗੈਸ ਵਾਲੇ ਚੁੱਲ੍ਹੇ/ਹੀਟਰ, ਕੁੱਕਿੰਗ ਵਾਲੇ ਭਾਂਡੇ ਤੇ ਏਰੀਆ ਰਗਜ਼ ਅਤੇ ਜਾਗੋ ਦਾ ਸਮਾਨ ਕਿਰਾਏ 'ਤੇ ਲੈਣ ਲਈ ਫੋਨ ਕਰੋ
ਕੁਲਵੰਤ ਰੰਧਾਵਾ : 604.537.6024

G.R Siding & Sundeck
Commercial & Residential
ਜੇ ਤੁਹਾਡਾ ਸਨਡੈਕ ਲੀਕ ਕਰਦਾ ਹੋਵੇ ਜਾਂ ਨਵਾਂ ਸਨਡੈਕ ਬਣਾਉਣਾ ਹੋਵੇ ਤਾਂ ਸਾਨੂੰ ਫੋਨ ਕਰੋ
• ਵਾਇਨਲ ਸਾਈਡਿੰਗ
• ਸੋਫਿਟਸ
• ਗਟਰ
• ਹਾਰਡੀ ਪਲੈਂਕ
• ਸਨਡੈਕ
• ਡਾਊਨ ਪਾਈਪ
* ਵਧੀਆ ਰੇਟ * ਫਰੀ ਐਸਟੀਮੇਟ
ਨਿੰਦਰ ਵਿਰਕ
604-537-8475

ਕੀ ਤੁਸੀਂ ਪੇਂਟ ਕਰਨ ਬਾਰੇ ਸੋਚ ਰਹੇ ਹੋ?
ਸਾਨੂੰ ਹੁਣੇ ਹੀ ਫੋਨ ਕਰੋ ਅਸੀਂ ਤੁਹਾਡੇ ਲਈ ਪੇਂਟ ਦਾ ਕੰਮ ਕਰਾਂਗੇ
ਰੀਪੇਂਟ ਕਰਾਉਣ 'ਤੇ ਸਪੈਸ਼ਲ ਛੋਟ
DMJ Painting Ltd.
ਮਨਦੀਪ ਪੁਰੇਵਾਲ
604.767.4954
ਜੱਗਾ-604.338.7147
We Specialize in:
• Old & New Homes
• Town Houses Apartments
• Commercial & Residential
• Interior & Exterior
• Any kind of Paint Job
• Stucco Paint
• Spray Painting
• Roller Painting
• Pressure Washing
• Sky Paint for Ceiling
• Fence Painting
✓ ਵਧੀਆ ਕੁਆਲਿਟੀ ਦਾ ਕੰਮ
✓ ਫਾਸਟ ਸਰਵਿਸ
✓ ਮੁਫਤ ਐਸਟੀਮੇਟ
ਪੁਰਾਣੇ ਤੇ ਨਵੇਂ ਘਰਾਂ ਦਾ ਕੰਮ ਤਸੱਲੀਬਖਸ਼ ਵਾਜਿਬ ਕੀਮਤਾਂ 'ਤੇ ਕਰਦੇ ਹਾਂ

Quality Service - Satisfaction Guaranteed
Exquisite Designs At Best Rates...
CITY WOODCRAFT LTD.
All Kinds of Fine Woodworking
STAIR RAILING
METAL SPINDLES
BRASS SPINDLES
ARCHES & PILLARS
STAIRCASE WOOD GLASS
MANDEEP BASRA
778-772-7576
604-599-6360
Unit # 7-8307/124th Street Surrey

ਇੰਦੌਰ ਬੈਟਮਾ ਸਾਹਿਬ ਸੀਟ ਮੇਕਰ
#102-8642-128 ਸਟਰੀਟ ਸਰੀ, ਬੀ ਸੀ
* ਟਰੱਕ ਦੀ ਲਾਇਨੋ ਪਾਉਂਦੇ ਹਨ
* ਸੋਫਿਆਂ ਦੇ ਕਵਰ ਤੇ ਸੋਫੇ ਠੀਕ ਵੀ ਕਰਦੇ ਹਨ
* ਕਾਰਾਂ/ਟਰੱਕਾਂ/ਬੱਸਾਂ ਦੇ ਲੈਦਰ ਸੀਟ ਕਵਰ
* ਕੁਰਸੀਆਂ ਦੇ ਕਵਰ
* ਡਾਇਨਿੰਗ ਚੇਅਰਾਂ ਦੇ ਕਵਰ
* ਖੁੱਲ੍ਹੇ ਕਵਰ
* 50 ਸਾਲ ਦਾ ਤਜ਼ਰਬਾ
* ਮੁਫਤ ਐਸਟੀਮੇਟ
ਸਾਧੂ ਸਿੰਘ ਸਿੱਧੂ
ਹੋਰ ਜਾਣਕਾਰੀ ਲਈ ਸੰਪਰਕ ਕਰੋ
604-442-8003

DREAM VIEW KITCHEN CABINETS LTD.
#5 - 12372 - 84TH AVE, SURREY
ਸਾਨੂੰ ਵਰਕਰਾਂ ਦੀ ਵੀ ਲੋੜ ਹੈ!
PVC & MDF DOORS
• ਸੋਇਲਡ ਮੈਪਲ • ਸੋਇਲਡ ਓਕ • ਪੈਨਲ ਓਕ
• ਪੈਨਲ ਮਿਟਰ ਡੋਰਜ਼ • ਪੈਨਲ ਮੈਪਲ • ਮਿਟਰ ਮੈਪਲ
ਫਰੀ ਐਸਟੀਮੇਟ ਲੈਣ ਲਈ ਫੋਨ ਕਰੋ: ਬਿੰਦਰ ਬਾਸੀ
604-537-9151

RENOVATION
ਤੁਹਾਡਾ ਆਪਣੇ ਪੰਜਾਬੀ ਭਰਾ, 15+ ਸਾਲਾਂ ਦਾ ਤਜਰਬਾ।
✓ ਸਮੇਂ ਤੇ ਕੰਮ ਮੁਕੰਮਲ
✓ ਬਿਹਤਰੀਨ ਕੁਆਲਿਟੀ
✓ ਲਾਇਸੰਸ & ਇਨਸ਼ੋਰਡ ਕੰਪਨੀ
• Unmatched Craftsmanship
• Customized Solutions
• Commitment to Excellence
ਘਰ ਬਦਲੋ, ਸੁੱਖ-ਸਹੂਲਤ ਵਧਾਓ!
ਕਿਚਨ, ਬਾਥਰੂਮ, ਬੇਸਮੈਂਟ ਜਾਂ ਪੂਰਾ ਘਰ — ਅਸੀਂ ਤੁਹਾਡਾ ਘਰ ਨਵਾਂ ਵਰਗਾ ਬਣਾ ਦੇਵਾਂਗੇ।
604-786-7000
INTERIOR REMODELING
EXTERIOR UPGRADES
ENERGY-EFFICIENT IMPROVEMENTS

ਇੰਡੋ-ਕੈਨੇਡੀਅਨ ਆਵਾਜ਼ MATRIMONIAL & CLASSIFIEDS

Send Via: Phone: 604-502-6100
Fax: 604-501-6111
Email: awaazeditor@gmail.com

VISA MasterCard

Box Replies to
The Indo-Canadian Awaaz
#102 - 9360 - 120th St., Surrey, BC V3V 4B9

RATES:
25-30 words .... $45.00/2wks
Extra word ............... 25¢ each
Box Rental ............... $10 Extra

AD DEADLINE: WEDNESDAY BY NOON

## ਲੜਕੀ ਦੀ ਲੋੜ

ਇੰਡੀਆ ਤੋਂ ਮੋਗੇ ਨਾਲ ਸਬੰਧਤ 27 ਸਾਲਾ ਜੱਟ ਸਿੱਖ ਗਿੱਲ , ਕੱਦ 6 ਫੁੱਟ, ਇੰਡੀਆ ਤੋਂ ਟਰੱਕ ਡੀਜਲ ਮਕੈਨਿਕ ਦਾ ਡਿਪਲੋਮਾ ਕੀਤੇ ਹੋਏ ਲੜਕੇ ਲਈ ਕੈਨੇਡੀਅਨ ਪੀਆਰ/ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕਾ ਕੈਨੇਡਾ ਵਿਚ ਵਰਕ ਪਰਿਮੱਟ 'ਤੇ ਹੈ। ਲੜਕਾ ਏਥੇ ਆਪਣੀ ਭੂਆ ਕੋਲ ਰਹਿੰਦਾ ਹੈ। ਲੜਕੇ ਦੀ ਭੈਣ ਵਿਨੀਪੈਗ ਵਿਚ ਰਹਿੰਦੀ ਹੈ। ਹੋਰ ਜਾਣਕਾਰੀ ਲਈ ਫੋਨ ਕਰੋ:**604-783-6089**

---

## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ 41 ਸਾਲਾ ਰਾਮਗੜ੍ਹੀਆ , ਕੱਦ 6 ਫੁੱਟ 2 ਇੰਚ, ਆਪਣਾ ਕਾਰੋਬਾਰ ਕਰਦੇ ਲੜਕੇ ਲਈ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੈਨੇਡਾ ਵਿਚ ਪੂਰੀ ਤਰ੍ਹਾਂ ਸੈਟਲ ਹੈ। ਹੋਰ ਜਾਣਕਾਰੀ ਫੋਨ ਕਰੋ:**+1-778-240-8083 or what's app** 'ਤੇ **+91 98142-58783**

---

## ਲੜਕੀ ਦੀ ਲੋੜ

ਲੁਧਿਆਣੇ ਨਾਲ ਸਬੰਧਤ 25 ਸਾਲਾ ਸਰਸਵਤੀ ਬ੍ਰਾਹਮਣ, ਕੈਨੇਡੀਅਨ ਸਿਟੀਜ਼ਨ (ਜਨਮ ਸਥਾਨ ਲੁਧਿਆਣਾ, ਜਨਮ ਦੀ ਤਰੀਖ 12-12-95 ਸਮਾਂ ਸਵੇਰੇ 10:35), ਐਪਲੀਕੇਸ਼ਨ ਟੈਕਨੀਸ਼ੀਅਨ ਲੜਕੇ ਲਈ ਲੜਕੀ ਦੀ ਲੋੜ ਹੈ। ਵਿਜ਼ਟਰ ਜਾਂ ਵਰਕਰ ਪਰਮਿੱਟ 'ਤੇ ਕੈਨੇਡਾ 'ਚ ਆਈ ਲੜਕੀ ਬਾਰੇ ਵੀ ਵਿਚਾਰਿਆ ਜਾ ਸਕਦਾ ਹੈ। ਹੋਰ ਜਾਣਕਾਰੀ ਲਈ ਫੋਨ ਕਰੋ:**604-999-7125**

---

## ਲੜਕੀ ਦੀ ਲੋੜ

ਕੈਨੇਡਾ ਵਿਚ ਰਹਿ ਰਹੇ ਬ੍ਰਾਹਮਣ ਪਰਿਵਾਰ ਦੇ 25 ਸਾਲਾ, ਕੱਦ 5 ਫੁੱਟ 8 ਇੰਚ, ਇਲੈਕਟ੍ਰੀਸ਼ੀਅਨ ਦਾ ਕੋਰਸ ਕਰ ਰਹੇ ਅਤੇ ਨਾਲ ਹੀ ਕੈਨੇਡਾ ਵਿਚ ਆਪਣਾ ਫਲੋਰਿੰਗ, ਟਾਇਲਾਂ ਦਾ ਕਾਰੋਬਾਰ ਅਤੇ ਸਟੋਰ ਹੈ, ਲੜਕੇ ਲਈ ਕੈਨੇਡੀਅਨ ਸਿਟੀਜ਼ਨ ਜਾਂ ਪੀ.ਆਰ. ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੈਨੇਡਾ ਵਿਚ ਸੈਟਲ ਹੈ । Girl must be on general cast. ਫੋਨ ਕਰੋ: **236-632-3601**

---

## ਲੜਕੀ ਦੀ ਲੋੜ

ਗੁਰਸਿੱਖ ਪਰਿਵਾਰ ਨਾਲ ਸਬੰਧਤ 31 ਸਾਲਾ, ਕੱਦ 6 ਫੁੱਟ, ਕੈਨੇਡੀਅਨ ਸਿਟੀਜ਼ਨ, ਡਬਲ ਐਮ ਏ, ਅੱਜਕੱਲ ਯੂ ਬੀ ਸੀ ਵਿਚ ਮੈਡੀਕਲ ਦੀ ਪੜ੍ਹਾਈ ਕਰ ਰਹੇ, ਧਾਰਮਿਕ, ਵੈਜੀਟੇਰੀਅਨ, ਅੰਗਰੇਜ਼ੀ/ਪੰਜਾਬੀ ਬੋਲਣ/ਸਮਝਣ ਵਿਚ ਪੂਰੀ ਮੁਹਾਰਤ ਰੱਖਣ ਵਾਲੇ ਪਰਿਵਾਰਕ ਲੜਕੇ ਲਈ ਪੜ੍ਹੀ-ਲਿਖੀ, ਸੁੰਦਰ, ਦੋਵੇਂ ਕਲਚਰ ਨੂੰ ਸਮਝਣ ਵਾਲੀ ਤੇ ਪਰਿਵਾਰਕ ਲੜਕੀ ਦੀ ਲੋੜ ਹੈ। ਹੋਰ ਜਾਣਕਾਰੀ ਲਈ ਫੋਨ ਕਰੋ:**604-379-5928**

---

## ਲੜਕੇ ਦੀ ਲੋੜ

ਕੈਨੇਡਾ ਵਿਚ ਵੱਡੀ ਹੋਈ ਅਤੇ ਕੈਨੇਡਾ ਵਿਚ ਪੜ੍ਹੀ 30 ਸਾਲਾ ਸੈਣੀ (ਸਿੱਖ) ਕੱਦ 5 ਫੁੱਟ 2 ਇੰਚ, ਖ਼ੂਬਸੂਰਤ, ਬੈਚੂਲਰ ਇਨ ਸਾਇੰਸ ਇਨ ਬਾਇਅਲੋਜੀ, ਬੀ ਸੀ ਗੌਰਮਿੰਟ ਨਾਲ Procurement ਅਫਸਰ ਵਜੋਂ ਕੰਮ ਕਰਦੀ, ਪਰਿਵਾਰਕ ਲੜਕੀ ਲਈ ਕਨੈਡਾ ਵਿਚ ਵੱਡੇ ਹੋਏ ਤੇ ਪੜ੍ਹਲਿਖੇ ਪ੍ਰੋਫੈਸ਼ਨਲ ਨੌਕਰੀ ਕਰਦੇ ਲੜਕੇ ਦੀ ਲੋੜ ਹੈ। ਹੋਰ ਜਾਣਕਰੀ ਲਈ ਫੋਨ ਕਰੋ ਜਾਂ ਵਟਸਐਪਕਰੋ: **1-778-688-7985** ( ਰਾ.ਗੁ)

---

## ਲੜਕੇ ਦੀ ਲੋੜ

27 ਸਾਲਾ ਖ਼ੂਬਸੂਰਤ ਕੈਨੇਡੀਅਨ ਪੀ ਆਰ ਸੈਣੀ ਕੱਦ 5 ਫੁੱਟ 1 ਇੰਚ, ਕੈਨੇਡਾ ਦੀ ਯੂਨਰਸਿਟੀ ਤੋਂ BBA, CPA ਕੀਤੀ ਹੋਈ ਹੈ। ਵੈਨਕੂਵਰ ਵਿਖੇ ਅਕਾਊਂਟਿੰਗ ਵਿਚ ਫਰਮ ਅਸੈਸਟੈਂਟ ਮੈਨੇਜਰ ਵਜੋਂ ਨੌਕਰੀ ਕਰਦੀ ਅਤੇ ਸਲਾਨਾਂ 92,000 ਡਾਲਰ ਕਮਾਉਂਦੀ ਲੜਕੀ ਲਈ ਪ੍ਰੋਫੈਸ਼ਨਲ ਕੁਆਲੀਫਾਈਡ ਲੜਕੇ ਦੀ ਲੋੜ ਹੈ। ਹੋਰ ਜਾਣਕਾਰੀ ਲਈ ਫੋਨ ਕਰੋ:**1-778-688-7985** (ਰ ਗੁ)

---

## ਲੜਕੇ ਦੀ ਲੋੜ

ਕੈਨੇਡਅਨ ਜੰਮਪਲ, 45 ਸਾਲਾ ਤਲਾਕਸ਼ੁਦਾ, ਜੱਟ ਸਿੱਖ, ਕੱਦ 5 ਫੁੱਟ 5 ਇੰਚ ***CRA*** ਦੀ ਜੌਬ ਕਰਦੀ ਸੋਹਣੀ ਸੁਨੱਖੀ ਪਰਿਵਾਰਕ ਲੜਕੀ ਲਈ ਨਸ਼ਿਆਂ ਤੋਂ ਰਹਿਤ ਪੜ੍ਹ ਲਿਖੇ ਲੜਕੇ ਦੀ ਲੋੜ ਹੈ। ਹੋਰ ਜਾਣਕਾਰੀ ਲਈ ਫੋਨ ਕਰੋ:**778-513-5938**

---

## ਸਰੀ ਵਿਚ 2 ਪ੍ਰਾਈਵੇਟ ਆਫਿਸ ਕਿਰਾਏ ਲਈ ਖਾਲੀ

ਸਰੀ ਵਿਚ 124 ਸਟਰੀਟ ਉੱਤੇ ਅਤੇ 82 ਐਵੇਨਿਊ ਦੇ ਨੇੜੇ 2 ਪ੍ਰਾਈਵੇਟ ਆਫਿਸ ਰਿਸੈਪਸ਼ਨ ਏਰੀਆ, ਸਟਿੰਗ ਏਰੀਆ, ਵਾਸ਼ਰੂਮ ਸਮੇਤ ਕਿਰਾਏ ਲਈ ਖਾਲੀ ਹਨ। ਸਰੀ ਵਿਚ ਹੀ ਇਕ ਹੋਰ ਪ੍ਰਾਈਵੇਟ ਆਫਿਸ 128 ਸਟਰੀਟ ਅਤੇ 76 ਐਵੇਨਿਊ 'ਤੇ ਕਿਰਾਏ ਲਈ ਖਾਲੀ ਹੈ। ਫੋਨ ਕਰੋ:604-727-0109

## ਫਰੇਮਿੰਗ ਦੇ ਕੰਮ ਲਈ ਵਰਕਰਾਂ ਦੀ ਜ਼ਰੂਰਤ

**ਨਿਊ ਵਰਲਡ ਫਰੇਮਿੰਗ ਕੰਪਨੀ ਵਾਲਿਆਂ ਨੂੰ ਫਰੇਮਿੰਗ ਦੇ ਕੰਮ ਲਈ ਵਰਕਰਾਂ ਦੀ ਸਖਤ ਲੋੜ ਹੈ। ਤਜ਼ਰਬੇ ਅਨੁਸਾਰ ਤਨਖਾਹ 16 ਡਾਲਰ ਤੋਂ 24 ਡਾਲਰ ਤੱਕ ਪ੍ਰਤੀ ਘੰਟਾ ਦਿੱਤੀ ਜਾਵੇਗੀ। ਰਾਈਡ ਦਾ ਪੂਰਾ ਪ੍ਰਬੰਧ ਹੈ। ਹੋਰ ਜਾਣਕਾਰੀ ਲਈ ਫੋਨ ਕਰੋ:**

**ਫੋਨ ਕਰੋ:*604-710-1293***

## ਕਲਾਸ ਵੰਨ ਟਰੱਕ ਡਰਾਈਵਰਾਂ ਦੀ ਲੋੜ

ਸਾਨੂੰ ਆਪਣੀ ਟਰੱਕਿੰਗ ਕੰਪਨੀ ਲਈ ਹਾਈਵੇਅ 'ਤੇ ਚੱਲਣ ਵਾਲੇ ਕਲਾਸ ਵੰਨ ਟਰੱਕ ਡਰਾਈਵਰਾਂ ਦੀ ਸਖਤ ਜ਼ਰੂਰਤ ਹੈ। 55 ਸੈਂਟ ਤੋਂ 60 ਸੈਂਟ+ ਪ੍ਰਤੀ ਮੀਲ ਦੇ ਹਿਸਾਬ ਨਾਲ ਪੈਸੇ ਦਿੱਤੇ ਜਾਣਗੇ। ਘੱਟੋ ਘੱਟ ਸਾਲ ਦਾ ਤਜ਼ਰਬਾ ਅਤੇ ਅਮਰੀਕਾ ਦਾ ਵੀਜ਼ਾ ਹੋਣਾ ਲਾਜ਼ਮੀ ਹੈ। ਕੈਨੇਡਾ ਤੇ ਅਮਰੀਕਾ ਤੋਂ ਲੋਡ ਲੈਣੇ ਤੇ ਡਲਿਵਰ ਕਰਨੇ ਹਨ। ਹੋਰ ਜਾਣਕਾਰੀ ਲਈ ਫੋਨ ਕਰੋ:**778-863-9941 or 672-699-1366** ਜਾਂ ਈਮੇਲ ਕਰੋ, *info@midastransport.ca*

## ਵੇਅਰਹਾਊਸ ਵਰਕਰਾਂ ਦੀ ਜ਼ਰੂਰਤ

ਡੈਲਟਾ ਵਿਚ ਪੁਰਾਣੇ ਕੱਪੜਿਆਂ ਦੇ ਵੇਅਰਹਾਊਸ ਲਈ ਸਾਨੂੰ ਪੁਰਾਣੇ ਕੱਪੜਿਆਂ ਦੀ ਛਾਂਟੀ ਲਈ ਵਰਕਰਾਂ ਦੀ ਸਖਤ ਲੋੜ ਹੈ। ਕੰਮ ਫੁੱਲ ਟਾਈਮ ਹੈ। ਕੰਮ ਸਵੇਰੇ 6:00 ਵਜੇ ਤੋਂ ਦੁਪਹਿਰ 2:30 ਵਜੇ ਤੱਕ। ਰਾਈਡ ਦਾ ਪੂਰਾ ਪ੍ਰਬੰਧ ਹੋ ਸਕਦਾ ਹੈ। ਐਪਲੀਕੇਸ਼ਨ ਭਰਨ ਲਈ ਸਾਡੇ ਦਫਤਰ ਆਉਣਾ ਪਵੇਗੇ। ਸਾਡਾ ਪਤਾ ਹੈ: **Delta Textiles Exporters Inc. 109 Braid Street, New Westminster, V3L 5H4 Building D** ਜਾਂ ਫੋਨ ਕਰੋ:**604-942-2214**

## ਕਾਰਪੈਟ ਕਲੀਨਿੰਗ ਅਤੇ ਪ੍ਰੈਸ਼ਰਵਾਸ਼

### ਰੈਜ਼ੀਡੈਂਸ਼ੀਅਲ ਐਂਡ ਕਮਰਸ਼ੀਅਲ



**ਫਰਨਿਸ਼ ਅਤੇ ਡੱਕ ਕਲੀਨਿੰਗ ਕਾਰਪੈਟ ਕਲੀਨਿੰਗ**
**ਵਿੰਡੋ ਕਲੀਨਿੰਗ ਫਲੋਰ ਵੈਕਸਿੰਗ**

ਘਰ-ਕਮਰਸ਼ੀਅਲ, ਸਾਈਡਵਾਕ, ਡਰਾਈਵ ਵੇਅ ਤੇ ਛੱਤਾਂ ਵੀ ਪ੍ਰੈਸ਼ਰਵਾਸ਼ ਕਰਦੇ ਹਾਂ

* ਅਸੀਂ ਵਧੀਆ ਸਰਵਿਸ ਅਤੇ ਭਰਾਵਾਂ ਵਰਗਾ ਵਰਤਾਓ ਦਿੰਦੇ ਹਾਂ
* ਸਾਨੂੰ ਇਕ ਵਾਰ ਫੋਨ ਜ਼ਰੂਰ ਕਰੋ

**ਮੁਫਤ ਐਸਟੀਮੇਟ ਲੈਣ ਲਈ ਕ੍ਰਿਪਾ ਕਰਕੇ ਫੋਨ ਕਰੋ**

**ਸੇਖੋਂ:604.725-2148**

## ਫਰੇਮਿੰਗ ਦੇ ਕੰਮ ਲਈ ਵਰਕਰਾਂ ਦੀ ਲੋੜ

**ਸਰੀ ਦੀ ਮਸ਼ਹੂਰ ਫਰੇਮਿੰਗ ਕੰਪਨੀ ਨੂੰ ਵਰਕਰਾਂ ਦੀ ਸਖਤ ਜ਼ਰੂਰਤ ਹੈ। ਕੰਮ ਹਫਤੇ ਦੇ 6 ਦਿਨ ਹੋਵੇਗਾ। ਨਵੇਂ ਆਏ ਵੀ ਅਪਲਾਈ ਕਰ ਸਕਦੇ ਹਨ। ਤਜ਼ਰਬੇ ਅਨੁਸਾਰ ਵਧੀਆ ਤਨਖਾਹ ਦਿੱਤੀ ਜਾਵੇਗੀ। ਸਰ/ਡੈਲਟਾ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੈ।**

**ਸਾਡੇ ਕੋਲ ਅਪਰੂਵਡ Approved LMIA ਵੀ ਉਪਲਬੱਧ ਹਨ**

**ਸੰਪਰਕ ਕਰੋ (ਸੁੱਖ)**

**604-767-1487**

## ਦੋਆਬਾ ਕੰਸਟਰਕਸ਼ਨ ਕੰਪਨੀ ਵਾਲਿਆਂ ਨੂੰ ਫਰੇਮਿੰਗ ਦੇ ਕੰਮ ਲਈ ਵਰਕਰਾਂ ਦੀ ਜ਼ਰੂਰਤ

**ਦੋਆਬਾ ਕੰਸਟਰਕਸ਼ਨ ਕੰਪਨੀ ਵਾਲਿਆਂ ਨੂੰ ਫਰੇਮਿੰਗ ਦੇ ਕੰਮ ਲਈ ਤਜ਼ਰਬੇਕਾਰ ਜਾਂ ਬਿਨਾਂ ਤਜ਼ਰਬੇ ਫੁੱਲ ਟਾਈਮ ਵਰਕਰਾਂ ਦੀ ਸਖਤ ਜ਼ਰੂਰਤ ਹੈ। ਕੰਮ ਵੈਨਕੂਵਰ ਅਤੇ ਬਨਰਬੀ ਵਿਚ ਹੈ। ਵੈਨਕੂਵਰ ਅਤੇ ਬਰਨਬੀ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੈ। ਤਜ਼ਰਬੇ ਅਨੁਸਾਰ ਬਹੁਤ ਹੀ ਵਧੀਆ ਤਨਖਾਹ ਦਿੱਤੀ ਜਾਵੇਗੀ। ਹੋਰ ਜਾਣਕਾਰੀ ਲਈ ਫੋਨ ਕਰੋ:604-307-0853**

## KING 73 RENO LTD.

*We Do All Kind Of Renovation*



* ਫਰੇਮਿੰਗ * ਡਰਾਈਵਾਲ * ਪੇਂਟਿੰਗ * ਟਾਈਲਾਂ
* ਸਨਡੈੱਕ ਦੀ ਰਿਪੇਅਰ * ਲੈਮੀਨੇਟ * ਵਾਸ਼ਰੂਮ
* ਕਿਚਨ * ਐਕਸਟਰਾ ਰੂਮ ਐਡੀਸ਼ਨ
* ਇਲੈਕਟ੍ਰੀਕਲ * ਪਲੰਬਿੰਗ * ਰੂਫਿੰਗ ਦਾ ਕੰਮ

**FREE ESTIMATES**

ਅਸੀਂ ਸਨਡੈੱਕ ਅਤੇ ਪੌੜੀਆਂ ਵੀ ਰਿਪੇਅਰ ਕਰਦੇ ਹਾਂ

ਵੱਡੀ ਜਾਂ ਛੋਟੀ ਜੌਬ, ਹਰ ਪ੍ਰਕਾਰ ਦੀ ਰੈਨੋਵੇਸ਼ਨ ਫਰੀ ਐਸਟੀਮੇਟ ਵਾਸਤੇ 17 ਸਾਲਾਂ ਦੇ ਤਜਰਬੇਕਾਰ ਗੁਰਦੀਪ ਸਿੰਘ ਨਾਲ ਸੰਪਰਕ ਕਰੋ :

**Gurdeep S. Gill**

**778.896.4555**

king73renoltd@gmail.com

www.king73reno.com

# ਬਰਸੀ 'ਤੇ ਵਿਸ਼ੇਸ਼:ਚਿੱਤਰਕਲਾ ਦੀ ਸੂਖ਼ਮ ਰੂਹ-ਜਰਨੈਲ ਸਿੰਘ ਆਰਟਿਸਟ



ਕਈ ਵਾਰ ਕੁਝ ਮੁਲਾਕਾਤਾਂ ਸਿਰਫ਼ ਮਿਲਾਪ ਨਹੀਂ ਰਹਿੰਦੀਆਂ, ਉਹ ਮਨ ਦੀ ਦਿਸ਼ਾ ਤੈਅ ਕਰ ਦਿੰਦੀਆਂ ਹਨ। ਮੇਰਾ ਜਰਨੈਲ ਸਿੰਘ ਆਰਟਿਸਟ ਨਾਲ ਪਹਿਲਾ ਮਿਲਾਪ ਸਰੀ ਸ਼ਹਿਰ ਵਿੱਚ ਉਨ੍ਹਾਂ ਦੀ ਆਰਟ ਗੈਲਰੀ ਵਿੱਚ ਹੋਇਆ। ਇੱਕ ਅਜਿਹਾ ਅਨੁਭਵ ਜੋ ਮੇਰੇ ਮਨ ਵਿੱਚ ਸਦੀਵੀ ਛਾਪ ਛੱਡ ਗਿਆ। ਉਸ ਸਮੇਂ ਉਨ੍ਹਾਂ ਦੇ ਨਾਲ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ ਦੀ ਹਾਜ਼ਰੀ ਨੇ ਉਨ੍ਹਾਂ ਪਲਾਂ ਨੂੰ ਹੋਰ ਵੀ ਅਰਥਪੂਰਨ ਬਣਾ ਦਿੱਤਾ। ਜਰਨੈਲ ਸਿੰਘ ਆਰਟਿਸਟ ਦੀ ਕਲਾ ਨਾਲ ਮੇਰੀ ਜਾਣ-ਪਛਾਣ ਪੰਜਾਬ ਵਿੱਚ ਰਹਿੰਦਿਆਂ ਹੀ ਹੋ ਚੁੱਕੀ ਸੀ।

ਅਖਬਾਰਾਂ, ਰਸਾਲਿਆਂ ਅਤੇ ਵਿਸ਼ੇਸ਼ ਤੌਰ 'ਤੇ ਰੋਜ਼ਾਨਾ ਅਜੀਤ ਵਿੱਚ ਛਪਣ ਵਾਲੇ ਨਵੇਂ ਸਾਲ ਦੇ ਕੈਲੰਡਰਾਂ ਰਾਹੀਂ ਉਨ੍ਹਾਂ ਦੀ ਚਿੱਤਰਕਲਾ ਪੰਜਾਬੀ ਸਭਿਆਚਾਰ ਦੀ ਜੀਵੰਤ ਤਸਵੀਰ ਬਣ ਕੇ ਸਾਹਮਣੇ ਆਉਂਦੀ ਰਹੀ। ਪਿੰਡਾਂ ਦੀ ਜ਼ਿੰਦਗੀ, ਲੋਕਧਾਰਾ, ਤਿਉਹਾਰ ਅਤੇ ਆਸਥਾ, ਸਭ ਕੁਝ ਉਨ੍ਹਾਂ ਦੇ ਬੁਰਸ਼ ਦੀ ਛੋਹ ਨਾਲ ਕੈਨਵਸ 'ਤੇ ਜਿਵੇਂ ਸਾਕਾਰ ਹੋ ਜਾਂਦੇ ਸਨ। ਗੁਰਪੁਰਬਾਂ ਦੇ ਪਾਵਨ ਮੌਕਿਆਂ 'ਤੇ ਛਪਣ ਵਾਲੇ ਕੈਲੰਡਰਾਂ ਵਿੱਚ ਵੀ ਉਨ੍ਹਾਂ ਦੇ ਚਿੱਤਰ ਮਨ ਨੂੰ ਸ਼ਾਂਤੀ ਅਤੇ ਸਤਿਕਾਰ ਨਾਲ ਭਰ ਦਿੰਦੇ ਸਨ। ਸਰੀ ਵਿੱਚ ਹੋਈ ਪਹਿਲੀ ਮੁਲਾਕਾਤ ਨੇ ਜਰਨੈਲ ਸਿੰਘ ਆਰਟਿਸਟ ਨੂੰ ਮੇਰੇ ਲਈ ਸਿਰਫ਼ ਇੱਕ ਮਹਾਨ ਕਲਾਕਾਰ ਨਹੀਂ, ਸਗੋਂ ਇੱਕ ਸੰਵੇਦਨਸ਼ੀਲ ਮਨੁੱਖ ਵਜੋਂ ਵੀ ਉਜਾਗਰ ਕੀਤਾ। ਗੱਲ 2013 ਦੀ ਹੈ। ਮੈਂ ਪਰਿਵਾਰ ਸਮੇਤ ਨਵਾਂ ਨਵਾਂ ਸਰੀ (ਕਨੇਡਾ) ਵਿਚ ਆਇਆ ਸਾਂ। ਪਰਦੇਸ ਦੀ ਧਰਤੀ 'ਤੇ ਨਵੇਂ ਆਏ ਹੋਣ ਕਰਕੇ ਮੇਰੇ ਮਨ ਵਿੱਚ ਜੋ ਅਸਥਿਰਤਾ ਅਤੇ ਚਿੰਤਾ ਸੀ, ਉਸ ਨੂੰ ਜਰਨੈਲ ਸਿੰਘ ਦੀ ਸਨੇਹੀ ਗੱਲਬਾਤ ਨੇ ਹੌਲੀ-ਹੌਲੀ ਹਲਕਾ ਕਰ ਦਿੱਤਾ। ਉਨ੍ਹਾਂ ਨੇ ਆਪਣੇ ਕਨੇਡਾ ਆਉਣ ਦੇ ਸ਼ੁਰੂਆਤੀ ਦਿਨਾਂ ਦੀ ਤਸਵੀਰ ਮੇਰੇ ਸਾਹਮਣੇ ਰੱਖੀ ਕਿ ਜਦੋਂ ਸੰਨ 2000 ਵਿੱਚ ਉਹ ਇੱਥੇ ਆਏ ਤਾਂ ਕਈ ਵਾਰ ਇਹ ਅਹਿਸਾਸ ਹੁੰਦਾ ਸੀ ਕਿ ਕਿੱਥੇ ਆ ਕੇ ਫਸ ਗਏ ਹਾਂ। ਪਰ ਸਮੇਂ ਦੇ ਨਾਲ ਹਾਲਾਤ ਵੀ ਬਦਲੇ, ਮਾਹੌਲ ਵੀ ਬਣਿਆ ਅਤੇ ਕਲਾ ਤੇ ਸਾਹਿਤ ਦੇ ਪ੍ਰੇਮੀਆਂ ਦੀ ਸੰਗਤ ਨੇ ਉਨ੍ਹਾਂ ਨੂੰ ਨਵਾਂ ਹੌਂਸਲਾ ਦਿੱਤਾ।

ਉਨ੍ਹਾਂ ਦੇ ਇਹ ਸ਼ਬਦ ਕਿ 'ਹਰ ਨਵਾਂ ਆਇਆ ਬੰਦਾ ਸ਼ੁਰੂ ਵਿੱਚ ਅਜਿਹੀਆਂ ਮੁਸ਼ਕਿਲਾਂ ਵਿੱਚੋਂ ਲੰਘਦਾ ਹੈ, ਪਰ ਸਮਾਂ ਸਭ ਕੁਝ ਸੁਧਾਰ ਲੈਂਦਾ ਹੈ' ਮੇਰੇ ਲਈ ਹੌਂਸਲੇ ਦੀ ਤਾਕਤ ਬਣ ਗਏ। ਇਹ ਸਿਰਫ਼ ਦਿਲਾਸਾ ਨਹੀਂ ਸੀ, ਸਗੋਂ ਤਜਰਬੇ ਦੇ ਸੱਚੇ ਬੋਲ ਸਨ। ਉਨ੍ਹਾਂ ਵੱਲੋਂ ਦਿੱਤਾ ਗਿਆ ਦਿਲੀ ਸਹਾਰਾ, ਉਨ੍ਹਾਂ ਦੀ ਕਲਾ ਵਾਂਗ ਹੀ ਗਹਿਰਾ ਅਤੇ ਅਰਥਪੂਰਨ ਸੀ। ਇਸ ਯਾਦਗਾਰੀ ਮਿਲਣੀ ਸਮੇਂ ਜਰਨੈਲ ਸਿੰਘ ਆਰਟਿਸਟ ਅਤੇ ਜਰਨੈਲ ਸਿੰਘ ਸੇਖਾ ਵੱਲੋਂ ਲੇਖਕ ਮੰਚ ਵੈਨਕੂਵਰ ਦੇ ਲੇਖਕਾਂ ਦੀ ਇਕ ਸੰਪਾਦਿਤ ਕਿਤਾਬ ਅਤੇ ਯਾਦਗਾਰੀ ਪੈੱਨ ਭੇਟ ਕਰ ਕੇ ਮੈਨੂੰ ਮਾਣ ਬਖ਼ਸ਼ਿਆ ਗਿਆ। ਇਹ ਤੋਹਫਾ ਮੇਰੇ ਲਈ ਸਿਰਫ਼ ਇਕ ਯਾਦਗਾਰ ਨਹੀਂ, ਸਗੋਂ ਸਿਨੇਹ, ਸਾਥ ਅਤੇ ਸੱਭਿਆਚਾਰਕ ਸਾਂਝ ਦਾ ਪ੍ਰਤੀਕ ਹੈ। ਉਨ੍ਹਾਂ ਦੀ ਨਿੱਘੀ ਅਤੇ ਪਿਆਰੀ ਸ਼ਖ਼ਸੀਅਤ ਅਕਸਰ ਹੀ ਉਨ੍ਹਾਂ ਦੀ ਆਰਟ ਗੈਲਰੀ ਵਿਚ ਖਿੱਚ ਲਿਆਉਂਦੀ ਸੀ। ਇਹ ਆਰਟ ਗੈਲਰੀ ਅਸਲ ਵਿੱਚ ਸਰੀ ਸ਼ਹਿਰ ਵਿਚ ਕਲਾ ਅਤੇ ਸਾਹਿਤ ਦਾ ਉਹ ਮੱਕਾ ਹੈ, ਜਿੱਥੇ ਪਹੁੰਚ ਕੇ ਹਰ ਕਲਾਕਾਰ, ਸਾਹਿਤਕਾਰ ਅਤੇ ਵਿਦਵਾਨ ਆਪਣੇ ਕਨੇਡਾ ਦੌਰੇ ਦੀ ਵੱਡੀ ਪ੍ਰਾਪਤੀ ਸਮਝਦਾ ਹੈ।ਇਹ ਗੈਲਰੀ ਸਿਰਫ਼ ਇਕ ਨੁਮਾਇਸ਼ੀ ਜਗ੍ਹਾ ਨਹੀਂ, ਸਗੋਂ ਪੰਜਾਬੀ ਸੱਭਿਆਚਾਰ, ਸੋਚ ਅਤੇ ਰਚਨਾਤਮਕਤਾ ਦੀ ਧੜਕਦੀ ਰਗ ਹੈ।ਅਜਿਹਾ ਕਦੇ ਵਾਪਰਿਆ ਨਹੀਂ ਕਿ ਪੰਜਾਬ ਜਾਂ ਦੁਨੀਆ ਦੇ ਕਿਸੇ ਹੋਰ ਕੋਨੇ ਤੋਂ ਸਰੀ ਆਇਆ ਕੋਈ ਕਲਾਕਾਰ, ਲੇਖਕ ਜਾਂ ਬੁੱਧੀਜੀਵੀ ਜਰਨੈਲ ਆਰਟ ਗੈਲਰੀ ਦੇ ਦਰਸ਼ਨ ਕੀਤੇ ਬਿਨਾਂ ਵਾਪਸ ਮੁੜ ਗਿਆ ਹੋਵੇ। ਬਾਹਰੋਂ ਆਏ ਹਰ ਸਾਹਿਤਕਾਰ ਅਤੇ ਕਲਾਕਾਰ ਲਈ ਜਰਨੈਲ ਆਰਟ ਗੈਲਰੀ ਉਹ ਮੰਚ ਬਣ ਗਿਆ ਜਿੱਥੇ ਉਹ ਸਰੋਤਿਆਂ, ਲੇਖਕਾਂ ਅਤੇ ਪਾਠਕਾਂ ਦੇ ਰੂਬਰੂ ਹੋ ਕੇ ਆਪਣੀ ਰਚਨਾਤਮਕ ਯਾਤਰਾ ਸਾਂਝੀ ਕਰਦਾ ਹੈ। ਇੱਥੇ ਹੋਈ ਹਰ ਸਾਹਿਤਕ ਜਾਂ ਕਲਾਤਮਕ ਮਿਲਣੀ ਵਿਚਾਰਾਂ ਦੀ ਹੀ ਨਹੀਂ, ਸਗੋਂ ਦਿਲਾਂ ਦੀ ਸਾਂਝ ਵੀ ਪੁਆਉਂਦੀ ਹੈ। ਇਸ ਗੈਲਰੀ ਵਿੱਚ ਹੋਣ ਵਾਲੀਆਂ ਬੈਠਕਾਂ ਪੰਜਾਬੀ ਸਾਹਿਤ ਅਤੇ ਕਲਾ ਦੇ ਇਤਿਹਾਸ ਦਾ ਅਟੁੱਟ ਹਿੱਸਾ ਬਣ ਗਈਆਂ ਹਨ। ਇਨ੍ਹਾਂ ਸਾਹਿਤਕ ਮਹਿਫ਼ਿਲਾਂ ਦੀ ਸਭ ਤੋਂ ਵੱਖਰੀ ਤੇ ਯਾਦਗਾਰੀ ਗੱਲ ਸੀ, ਜਰਨੈਲ ਸਿੰਘ ਆਰਟਿਸਟ ਦੀ ਨਿੱਘੀ ਅਤੇ ਨਿਸ਼ਕਾਮ ਮੇਜ਼ਬਾਨੀ। ਉਹ ਖ਼ੁਦ ਆਪਣੇ ਹੱਥੀਂ ਚਾਹ ਤਿਆਰ ਕਰਦੇ, ਮੇਜ਼ ਉੱਤੇ ਪੰਜਾਬੀ ਬਿਸਕੁਟਾਂ ਦਾ ਸੁਚੱਜਾ ਭੰਡਾਰ ਸਜਾਉਂਦੇ ਅਤੇ ਹਰ ਇਕ ਮਹਿਮਾਨ ਨੂੰ ਪਿਆਰ ਨਾਲ ਚਾਹ ਪਰੋਸਦੇ। ਇਹ ਸਾਦਗੀ ਭਰੀ ਸੇਵਾ ਸਿਰਫ਼ ਮਹਿਮਾਨ ਨਿਵਾਜ਼ੀ ਨਹੀਂ ਸੀ, ਸਗੋਂ ਸਾਹਿਤ ਅਤੇ ਕਲਾ ਪ੍ਰਤੀ ਉਨ੍ਹਾਂ ਦੀ ਡੂੰਘੀ ਨਿਸ਼ਠਾ ਦਾ ਪ੍ਰਗਟਾਵਾ ਸੀ। ਸਾਹਿਤਕ ਮਿਲਣੀਆਂ ਤੋਂ ਇਲਾਵਾ, ਵੈਨਕੂਵਰ ਵਿਚਾਰ ਮੰਚ ਦੇ ਮੈਂਬਰਾਂ ਦੀਆਂ ਮਹਿਫ਼ਿਲਾਂ ਵੀ ਅਕਸਰ ਜਰਨੈਲ ਆਰਟ ਗੈਲਰੀ ਵਿੱਚ ਸਜਦੀਆਂ ਰਹਿੰਦੀਆਂ ਸਨ। ਇਨ੍ਹਾਂ ਮਹਿਫ਼ਿਲਾਂ ਦੌਰਾਨ ਕਲਾ, ਸਾਹਿਤ, ਕਲਾਸੀਕਲ ਫ਼ਿਲਮਾਂ ਅਤੇ ਹੋਰ ਸੱਭਿਆਚਾਰਕ ਸਰਗਰਮੀਆਂ ਬਾਰੇ ਗੰਭੀਰ ਤੇ ਅਰਥਪੂਰਨ ਵਿਚਾਰ-ਵਟਾਂਦਰਾ ਹੁੰਦਾ ਰਹਿੰਦਾ ਸੀ। ਇਹ ਬੈਠਕਾਂ ਸਿਰਫ਼ ਬੌਧਿਕ ਚਰਚਾ ਤੱਕ ਸੀਮਿਤ ਨਹੀਂ ਰਹਿੰਦੀਆਂ, ਸਗੋਂ ਨਵੀਂ ਸੋਚ, ਨਵੇਂ ਦ੍ਰਿਸ਼ਟਿਕੋਣ ਅਤੇ ਰਚਨਾਤਮਕ ਪ੍ਰੇਰਣਾ ਨੂੰ ਜਨਮ ਦਿੰਦੀਆਂ ਸਨ। ਇਸ ਤਰ੍ਹਾਂ ਜਰਨੈਲ ਆਰਟ ਗੈਲਰੀ ਅਤੇ ਜਰਨੈਲ ਸਿੰਘ ਆਰਟਿਸਟ ਦੀ ਮੇਜ਼ਬਾਨੀ ਨੇ ਸਰੀ ਨੂੰ ਕਨੇਡਾ ਦੇ ਸਾਹਿਤਕ ਤੇ ਸੱਭਿਆਚਾਰਕ ਨਕਸ਼ੇ 'ਤੇ ਇੱਕ ਵਿਲੱਖਣ ਪਛਾਣ ਦਿੱਤੀ। ਇਹ ਥਾਂ ਸਿਰਫ਼ ਇਮਾਰਤ ਨਹੀਂ ਰਹੀ, ਸਗੋਂ ਕਲਾ, ਸਾਹਿਤ ਅਤੇ ਮਨੁੱਖੀ ਸਾਂਝ ਦਾ ਜਿਉਂਦਾ ਜਾਗਦਾ ਪ੍ਰਤੀਕ ਬਣ ਗਈ। ਜਰਨੈਲ ਸਿੰਘ ਆਰਟਿਸਟ ਸਿਰਫ਼ ਚਿੱਤਰਕਾਰ ਹੀ ਨਹੀਂ, ਉਹ ਇੱਕ ਬਹੁਪੱਖੀ ਤੇ ਵਿਸ਼ਵ ਦ੍ਰਿਸ਼ਟੀ ਦੇ ਮਾਲਕ ਅਤੇ ਬਹੁਤ ਹੀ ਗਿਆਨਵਾਨ ਵਿਅਕਤੀ ਸਨ। ਉਨ੍ਹਾਂ ਨੇ ਪੰਜਾਬੀ ਅਤੇ ਵਿਸ਼ਵ ਕਲਾਸੀਕਲ ਸਾਹਿਤ ਦਾ ਡੂੰਘਾ ਅਧਿਐਨ ਕੀਤਾ ਅਤੇ ਇਹ ਗਿਆਨ ਉਨ੍ਹਾਂ ਦੇ ਜੀਵਨ, ਰਚਨਾ ਅਤੇ ਵਿਚਾਰਾਂ ਵਿੱਚ ਸਾਫ਼ ਨਜ਼ਰ ਆਉਂਦਾ ਸੀ। ਉਨ੍ਹਾਂ ਦੀਆਂ ਕਲਾਕ੍ਰਿਤਾਂ ਵਿੱਚ ਸਿਰਫ਼ ਰੰਗ ਅਤੇ ਰੂਪ ਨਹੀਂ, ਸਗੋਂ ਇਤਿਹਾਸਕ ਲਹਿਰਾਂ ਅਤੇ ਕਲਾ ਦੀ ਗਹਿਰਾਈ ਵੀ ਪ੍ਰਗਟ ਹੁੰਦੀ ਹੈ। ਉਨ੍ਹਾਂ ਦੀ ਫ਼ਿਲਮਾਂ ਬਾਰੇ ਜਾਣਕਾਰੀ ਵੀ ਬੇਮਿਸਾਲ ਸੀ। ਖ਼ਾਸ ਕਰਕੇ ਕਲਾਤਮਕ ਅਤੇ ਕਲਾਸੀਕਲ ਫ਼ਿਲਮਾਂ ਉਨ੍ਹਾਂ ਦੀ ਦਿਲਚਸਪੀ ਦਾ ਕੇਂਦਰ ਰਹੀਆਂ। ਕਿਸੇ ਵੀ ਫ਼ਿਲਮ ਦੀ ਚੋਣ, ਉਸ ਦੀ ਕਥਾ, ਕੈਮਰੇ ਦੀ ਭਾਸ਼ਾ ਅਤੇ ਦ੍ਰਿਸ਼ਟੀਕੋਣ ਬਾਰੇ ਉਹ ਬਹੁਤ ਗੰਭੀਰਤਾ ਨਾਲ ਗੱਲ ਕਰਦੇ। ਕਲਾ ਦੇ ਹਰ ਰੂਪ ਨੂੰ ਉਹ ਸਮਝਦੇ, ਮਾਣਦੇ ਅਤੇ ਜਿਉਂਦੇ ਸਨ। ਜਰਨੈਲ ਆਰਟ ਗੈਲਰੀ ਵਿੱਚ ਕਈ ਵਾਰ ਫ਼ਿਲਮਾਂ, ਕਲਾ ਅਤੇ ਸਾਹਿਤ ਬਾਰੇ ਹੋਣ ਵਾਲੀਆਂ ਪ੍ਰਦਰਸ਼ਨੀਆਂ ਅਤੇ ਚਰਚਾਵਾਂ ਵਿੱਚ ਉਨ੍ਹਾਂ ਦੀ ਟਿੱਪਣੀ ਵਿਚਾਰ-ਵਟਾਂਦਰੇ ਨੂੰ ਇੱਕ ਨਵਾਂ ਬੌਧਿਕ ਮੋੜ ਦਿੰਦੀ ਸੀ। ਪੱਤਰਕਾਰੀ ਪ੍ਰਤੀ ਦਿਲਚਸਪੀ ਵੀ ਉਨ੍ਹਾਂ ਦੀ ਬਹੁਪੱਖੀ ਸ਼ਖ਼ਸੀਅਤ ਦੀ ਪਹਿਚਾਣ ਸੀ। ਪੱਤਰਕਾਰਾਂ ਦੇ ਕੰਮ, ਖ਼ਬਰਾਂ ਦੀ ਸੰਵੇਦਨਸ਼ੀਲਤਾ ਅਤੇ ਸਮਾਜਿਕ ਜ਼ਿੰਮੇਵਾਰੀ ਬਾਰੇ ਉਨ੍ਹਾਂ ਨੂੰ ਵਿਸ਼ਾਲ ਗਿਆਨ ਸੀ। ਇਸੇ ਦੂਰਦਰਸ਼ੀ ਅਤੇ ਗਿਆਨ ਦੀ ਬੁਨਿਆਦ 'ਤੇ ਉਨ੍ਹਾਂ ਨੇ ਸਰੀ ਵਿੱਚ ਵੱਖ-ਵੱਖ ਅਖ਼ਬਾਰਾਂ ਦੇ ਪੱਤਰਕਾਰਾਂ ਨੂੰ ਇਕੱਠਾ ਕਰਕੇ ਪੰਜਾਬੀ ਪ੍ਰੈਸ ਕਲੱਬ ਬੀਸੀ ਦੀ ਸਥਾਪਨਾ ਕੀਤੀ। ਇਹ ਸੰਸਥਾ ਪੰਜਾਬੀ ਪੱਤਰਕਾਰ ਭਾਈਚਾਰੇ ਲਈ ਇਕ ਸਾਂਝਾ ਪਲੇਟਫਾਰਮ ਬਣ ਗਈ, ਜਿੱਥੇ ਉਹ ਆਪਣੇ ਵਿਚਾਰ ਅਤੇ ਅਨੁਭਵ ਸਾਂਝੇ ਕਰਦੇ ਹਨ। ਉਹ ਇਸ ਸੰਸਥਾ ਦੇ ਫਾਊਂਡਰ ਪ੍ਰਧਾਨ ਬਣੇ ਅਤੇ ਆਪਣੇ ਅੰਤਲੇ ਸਮੇਂ ਵੀ ਉਹ ਇਸ ਸੰਸਥਾਂ ਦੇ ਜਨਰਲ ਸਕੱਤਰ ਵਜੋਂ ਆਪਣਾ ਫਰਜ਼ ਨਿਭਾ ਰਹੇ ਸਨ। *(ਬਾਕੀ ਸਫਾ 19 'ਤੇ)*

WorldNet COMPUTERS

- Network Installation
- Management and Security
- Virus Removal
- Computer Sales & Repair
- Wireless Network
- Internet Security & Firewall
- Computer Accessories
- Installation of Internet Security for kids

ਹੁਣ ਤੁਸੀਂ ਆਪਣੇ ਕੰਪਿਊਟਰ ਨੂੰ ਠੀਕ ਕਰਨ ਦੀਆਂ ਸੇਵਾਵਾਂ ਸਾਡੇ ਕੋਲੋ ਘਰ ਵਿਚ ਹੀ ਜਾਂ ਸਾਡੇ ਕੋਲ ਲਿਆ ਕੇ ਪ੍ਰਾਪਤ ਕਰ ਸਕਦੇ ਹੋ, ਜਿਸ ਵਿਚ ਵਾਇਰਸ ਹਟਾਉਣਾ, ਕੰਪਿਊਟਰ ਦੀ ਰੱਫਤਾਰ ਵਧਾਉਣਾ, ਬੁਰੀਆਂ ਤਸਵੀਰਾਂ ਵਾਲੀਆਂ ਫਾਈਲਾਂ ਹਟਾਉਣਾ ਜਾਂ ਸਾਰੇ ਕਨੈਕਸ਼ਨ ਚੈਕ ਕਰਨਾਂ ਆਦਿ।

WE SELL NEW & USED COMPUTERS

ਫਰੀ ਐਸਟੀਮੇਟ ਲਈ ਸਾਨੂੰ ਕਾਲ ਕਰੋ

ਅਸੀਂ ਇੰਸਟਾਲੇਸ਼ਨ ਵੀ ਕਰਦੇ ਹਾਂ, Memory ਵਧਾਉਣਾ, ਨਵਾਂ Software ਇੰਨਸਟਾਲ ਕਰਨਾ ਅਤੇ ਫੈਕਸ ਜ਼ਾਂ ਸਕੈਨਰ ਨੂੰ ਪਹਿਲੀ ਵਾਰੀ ਕੰਪਿਊਟਰ ਨਾਲ ਜੋੜਨਾ।



SCAN WITH SMART PHONE

Let us Install it. Baljinder Chhabra

604-825-4011

PH: 604-825-4012 • Email: worldnetcompu@yahoo.ca

ਹਰ ਤਰ੍ਹਾਂ ਦਾ ਤਸੱਲੀਬਖਸ਼ ਕੰਮ ਕਰਵਾਉਂਣ ਲਈ ਯਾਦ ਰੱਖੋ ਇਕ ਇਕੋ ਇਕ ਨਾਮ

ਨਿਊ ਮੂਨ ਕੰਸਟ੍ਰੱਕਸ਼ਨ

ਅਸੀਂ ਹੇਠ ਲਿਖੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ:

* ਰੈਨੋਵੇਸ਼ਨ * ਪੇਵਰ ਬਲੌਕ
* ਰੀਟੇਨ ਵਾਲਜ਼ * ਵਾਕਵੇਅ
* ਡਰਾਈਵੇਅ * ਪੌੜੀਆਂ
* ਫਰੇਮਿੰਗ * ਗਾਰਬੇਜ਼ ਚੁੱਕਣਾ
* ਨਕਲੀ ਘਾਹ ਵਿਛਾਉਣਾ ਅਤੇ
* ਹੋਰ ਬਹੁਤ ਕੁਝ



ਮੁਫਤ ਐਸਟੀਮੇਟ ਲਈ ਸੰਪਰਕ ਕਰੋ:

ਮੀਤ ਸਿੰਘ:604-902-6350

# ਚਿੱਤਰਕਲਾ ਦੀ ਸੂਖ਼ਮ ਰੂਹ-ਜਰਨੈਲ ਸਿੰਘ ਆਰਟਿਸਟ

*(ਬਾਕੀ ਸਫਾ 18 ਦੀ)*

ਇਹ ਉਨ੍ਹਾਂ ਦੀ ਨਿਸ਼ਠਾ, ਲਗਨ ਅਤੇ ਸਮਾਜਿਕ ਜ਼ਿੰਮੇਵਾਰੀ ਦਾ ਪ੍ਰਤੀਕ ਸੀ। ਇੱਕ ਵਾਰ ਮੈਂ ਉਨ੍ਹਾਂ ਨੂੰ ਹੈਰਾਨੀ ਨਾਲ ਪੁੱਛਿਆ "ਜਰਨੈਲ ਸਿੰਘ ਜੀ, ਤੁਸੀਂ ਇੱਕ ਬਹੁਤ ਹੀ ਨਾਮਵਰ ਆਰਟਿਸਟ ਹੋ, ਫਿਰ ਪੱਤਰਕਾਰੀ ਵਿੱਚ ਇਹ ਦਿਲਚਸਪੀ ਕਿਵੇਂ?"

ਉਹ ਮੁਸਕਰਾ ਕੇ ਬਹੁਤ ਸਾਦਗੀ ਨਾਲ ਦੱਸਣ ਲੱਗੇ ਕਿ ਜਦੋਂ ਉਹ ਚੰਡੀਗੜ੍ਹ ਵਿੱਚ ਰਹਿੰਦੇ ਸਨ ਤਾਂ ਟ੍ਰਿਬਿਊਨ ਦੇ ਪੱਤਰਕਾਰਾਂ ਨਾਲ ਉਨ੍ਹਾਂ ਦੀ ਵਿਸ਼ੇਸ਼ ਦੋਸਤੀ ਸੀ। ਉਹ ਅਕਸਰ ਉਨ੍ਹਾਂ ਨਾਲ ਬੈਠ ਕੇ ਖ਼ਬਰਾਂ, ਰਿਪੋਰਟਾਂ ਅਤੇ ਸੰਵੇਦਨਸ਼ੀਲ ਵਿਸ਼ਿਆਂ 'ਤੇ ਗੱਲ ਕਰਦੇ ਸਨ। ਇਸ ਤਰ੍ਹਾਂ ਉਨ੍ਹਾਂ ਪੱਤਰਕਾਰੀ ਦੇ ਤਜਰਬੇ ਨੂੰ ਨੇੜੇ ਤੋਂ ਵਾਚਿਆ ਸੀ।ਇਸ ਅਨੁਭਵ ਨੇ ਹੀ ਉਨ੍ਹਾਂ ਨੂੰ ਸਮਾਜ ਨੂੰ ਇੱਕ ਨਵੀਂ ਨਜ਼ਰ ਨਾਲ ਵੇਖਣਾ ਸਿਖਾਇਆ ਅਤੇ ਸ਼ਾਇਦ ਇਹੀ ਨਜ਼ਰੀਆ ਉਨ੍ਹਾਂ ਦੀ ਕਲਾ, ਸੋਚ ਅਤੇ ਮੇਜ਼ਬਾਨੀ ਵਿੱਚ ਵੀ ਝਲਕਦਾ ਸੀ।

ਜਰਨੈਲ ਸਿੰਘ ਆਰਟਿਸਟ ਦੀ ਸ਼ਖ਼ਸੀਅਤ ਦੀ ਸਭ ਤੋਂ ਵੱਡੀ ਖ਼ੂਬੀ ਉਨ੍ਹਾਂ ਦੀ ਨਿਮਰਤਾ ਸੀ। ਏਨੀ ਉੱਚੀ ਕਲਾ-ਸਾਧਨਾ ਦੇ ਬਾਵਜੂਦ ਉਨ੍ਹਾਂ ਦੇ ਅੰਦਰ ਕਿਤੇ ਵੀ ਹਉਮੈ ਨਹੀਂ ਸੀ। ਉਹ ਘੱਟ ਬੋਲਦੇ, ਵੱਧ ਸੁਣਦੇ ਅਤੇ ਆਪਣੇ ਰੰਗਾਂ ਰਾਹੀਂ ਸਭ ਕੁਝ ਕਹਿੰਦੇ ਸਨ। ਉਨ੍ਹਾਂ ਨੂੰ ਮਿਲ ਕੇ ਇਹ ਅਹਿਸਾਸ ਹੁੰਦਾ ਸੀ ਕਿ ਅਸਲ ਵਡੱਪਣ ਸ਼ਾਂਤ ਰਹਿਣ ਵਿੱਚ ਹੁੰਦਾ ਹੈ। ਉਨ੍ਹਾਂ ਦੀ ਮਹਾਨਤਾ ਇਸ ਗੱਲ ਵਿੱਚ ਵੀ ਹੈ ਕਿ ਉਨ੍ਹਾਂ ਨੇ ਕਲਾ, ਸਾਹਿਤ, ਫ਼ਿਲਮ ਅਤੇ ਪੱਤਰਕਾਰੀ ਦੇ ਹਰ ਰੂਪ ਨੂੰ ਆਪਣੇ ਜੀਵਨ ਵਿੱਚ ਜੋੜ ਕੇ ਇੱਕ ਸੰਤੁਲਨ ਬਣਾਇਆ।

ਜਰਨੈਲ ਆਰਟ ਗੈਲਰੀ ਵਿੱਚ ਹੋਣ ਵਾਲੀ ਹਰ ਮਹਿਫ਼ਿਲ ਉਨ੍ਹਾਂ ਦੀ ਵਿਸ਼ਾਲਤਾ, ਸਾਦਗੀ ਅਤੇ ਬੇਨਿਆਜ਼ ਸਮਰਪਣ ਦੀ ਗਵਾਹ ਹੈ। ਉਨ੍ਹਾਂ ਦੀ ਮੇਜ਼ਬਾਨੀ ਸਿਰਫ਼ ਯਾਦਾਂ ਵਿੱਚ ਹੀ ਨਹੀਂ, ਸਗੋਂ ਸਰੀ ਦੇ ਸਾਹਿਤਕ ਤੇ ਸੱਭਿਆਚਾਰਕ ਜੀਵਨ ਵਿੱਚ ਹਮੇਸ਼ਾ ਲਈ ਇੱਕ ਵਿਰਾਸਤ ਵਾਂਗ ਵਸ ਗਈ। ਉਨ੍ਹਾਂ ਦੀ ਆਰਟ ਗੈਲਰੀ ਵਿੱਚ ਹੋਣ ਵਾਲੀਆਂ ਸਾਹਿਤਕ ਬੈਠਕਾਂ ਅਤੇ ਕਲਾ ਸੰਵਾਦ ਦੀਆਂ ਯਾਦਾਂ ਸਿਰਫ਼ ਇਕ ਪੀੜੀ ਤੋਂ ਦੂਜੀ ਪੀੜੀ ਤੱਕ ਗਈਆਂ ਹੀ ਨਹੀਂ, ਸਗੋਂ ਉਹ ਸਰੀ ਦੇ ਸਾਹਿਤਕ ਜੀਵਨ ਦੀ ਪ੍ਰਾਪਤੀ ਬਣ ਗਈਆਂ। ਜਰਨੈਲ ਸਿੰਘ ਆਰਟਿਸਟ ਦੀ ਦ੍ਰਿਸ਼ਟੀ, ਉਨ੍ਹਾਂ ਦੀ ਸੇਵਾ ਅਤੇ ਉਨ੍ਹਾਂ ਦੀ ਮਿਹਨਤ ਸਾਨੂੰ ਸਿਖਾਉਂਦੀ ਹੈ ਕਿ ਕਲਾ, ਸਾਹਿਤ ਅਤੇ ਸਮਾਜਿਕ ਜ਼ਿੰਮੇਵਾਰੀ ਇਕੱਠੇ ਹੋ ਕੇ ਸਮਾਜ ਦੀ ਸੱਭਿਆਚਾਰਕ ਪਛਾਣ ਬਣਾਉਂਦੇ ਹਨ।

ਨਵੰਬਰ 2024 ਦੀ ਇਕ ਯਾਦ ਚਿਤਵਿਆਂ ਹੀ ਅਕਸਰ ਮਨ ਭਰ ਜਾਂਦਾ ਹੈ।

ਗੱਲ ਹੇਵਰਡ ਸ਼ਹਿਰ ਦੀ ਹੈ। ਵਿਸ਼ਵ ਪੰਜਾਬੀ ਸਾਹਿਤ ਅਕੈਡਮੀ, ਕੈਲੀਫੋਰਨੀਆ ਵੱਲੋਂ ਉੱਥੇ ਆਪਣੀ 24ਵੀਂ ਸਾਲਾਨਾ ਸਾਹਿਤਕ ਕਾਨਫਰੰਸ ਕਰਵਾਈ ਗਈ। ਇਸ ਮੌਕੇ 'ਤੇ ਅਕੈਡਮੀ ਦੇ ਪ੍ਰਧਾਨ ਅਤੇ ਸਾਡੇ ਪਿਆਰੇ ਸ਼ਾਇਰ ਮਿੱਤਰ ਕੁਲਵਿੰਦਰ ਨੇ ਸਰੀ ਵਿਚ ਸ਼ਾਇਰ ਜਸਵਿੰਦਰ, ਰਾਜਵੰਤ ਰਾਜ, ਪ੍ਰੀਤ ਮਨਪ੍ਰੀਤ, ਹਰਦਮ ਮਾਨ, ਕ੍ਰਿਸ਼ਨ ਭਨੋਟ, ਜਰਨੈਲ ਸਿੰਘ ਆਰਟਿਸਟ, ਗੁਰਦੀਪ ਭੁੱਲਰ, ਸਤੀਸ਼ ਗੁਲਾਟੀ, ਕਰਤਾਰ ਸਿੰਘ ਰੋਡੇ ਅਤੇ ਹਰਿੰਦਰਜੀਤ ਸੰਧੂ ਨੂੰ ਇਸ ਕਾਨਫਰੰਸ ਵਿਚ ਸ਼ਾਮਲ ਹੋਣ ਲਈ ਵਿਸ਼ੇਸ਼ ਤੌਰ 'ਤੇ ਸੱਦਾ ਭੇਜਿਆ। ਜਰਨੈਲ ਸਿੰਘ ਆਰਟਿਸਟ ਨੇ ਉੱਥੇ ਦੋ ਦਿਨ ਆਪਣੀਆਂ ਕਲਾਕ੍ਰਿਤਾਂ ਦੀ ਨੁਮਾਇਸ਼ ਲਾਈ ਜਿਸ ਵਿੱਚ ਕੈਲੀਫੋਰਨੀਆ ਦੇ ਪੰਜਾਬੀਆਂ ਨੇ ਵਿਸ਼ੇਸ਼ ਦਿਲਚਸਪੀ ਦਿਖਾਈ।

ਇਸ ਕਾਨਫਰੰਸ ਦੇ ਚਾਹ ਸੈਸ਼ਨ ਦੌਰਾਨ ਮੈਂ, ਹਰਿੰਦਰਜੀਤ ਸੰਧੂ ਅਤੇ ਜਰਨੈਲ ਸਿੰਘ ਆਰਟਿਸਟ ਆਪਸ ਵਿਚ ਬੈਠੇ ਗੱਲਾਂ ਕਰ ਰਹੇ ਸੀ। ਅਚਾਨਕ ਜਰਨੈਲ ਸਿੰਘ ਨੇ ਕਿਹਾ "ਮਾਨ ਸਾਅਬ, ਇੱਥੇ ਸਰੀ ਦੇ ਕਈ ਲੇਖਕ ਅਤੇ ਕਲਾਕਾਰ ਆਏ ਹਨ ਤੇ ਕਿਉਂ ਨਾ ਸਾਰਿਆਂ ਨੂੰ ਬੁਲਾ ਕੇ ਇਕ ਯਾਦਗਾਰੀ ਫੋਟੋ ਕਰਵਾ ਲਈਏ। ਯਾਦਾਂ ਹੀ ਰਹਿ ਜਾਂਦੀਆਂ..."। ਮੈਂ ਤੁਰੰਤ ਸਰੀ ਦੇ ਸਾਰੇ ਦੋਸਤਾਂ ਨੂੰ ਇਕੱਠਾ ਕਰ ਕੇ ਇਕ ਤਸਵੀਰ ਖਿੱਚਵਾਈ। ਜਰਨੈਲ ਸਿੰਘ ਦੇ ਮੂੰਹੋਂ ਨਿਕਲੇ ਬੋਲਾਂ ਅਨੁਸਾਰ ਇਹ ਤਸਵੀਰ ਸੱਚਮੁੱਚ ਹੀ ਯਾਦਗਾਰੀ ਅਤੇ ਅਮਰ ਬਣ ਗਈ।

ਦਸੰਬਰ 2024 ਵਿੱਚ ਜਰਨੈਲ ਸਿੰਘ ਆਰਟਿਸਟ ਨੇ ਆਪਣੀ ਪੰਜਾਬ ਯਾਤਰਾ ਦਾ ਪ੍ਰੋਗਰਾਮ ਸਾਂਝਾ ਕੀਤਾ ਤਾਂ ਵੈਨਕੂਵਰ ਵਿਚਾਰ ਮੰਚ ਦੇ ਸਾਰੇ ਮਿੱਤਰਾਂ ਨੇ ਉਨ੍ਹਾਂ ਨਾਲ ਇੱਕ ਮਹਿਫ਼ਿਲ ਰਚਾਉਣ ਦਾ ਪ੍ਰੋਗਰਾਮ ਉਲੀਕ ਲਿਆ। ਜਰਨੈਲ ਸਿੰਘ ਆਰਟਿਸਟ ਤੋਂ ਇਲਾਵਾ ਜਰਨੈਲ ਸਿੰਘ ਸੇਖਾ, ਮੋਹਨ ਗਿੱਲ, ਅੰਗਰੇਜ਼ ਬਰਾੜ, ਹਰਦਮ ਮਾਨ, ਪਰਮਜੀਤ ਸਿੰਘ ਸੇਖੋਂ, ਅੰਤਰ ਪੰਮਾ ਅਤੇ ਤਰਲੋਚਨ ਤਰਨਤਾਰਨ ਇਸ ਮਹਿਫ਼ਿਲ ਵਿਚ ਹਾਜਰ ਹੋ ਗਏ। ਮਹਿਫ਼ਿਲ ਵਿਚ ਜਰਨੈਲ ਸਿੰਘ ਦੇ ਪੰਜਾਬ ਟੂਰ ਬਾਰੇ ਗੱਲਬਾਤ ਹੁੰਦੀ ਰਹੀ ਅਤੇ ਪੰਜਾਬ ਨਾਲ ਸਬੰਧਤ ਹੋਰ ਵੀ ਵਿਸ਼ਿਆਂ 'ਤੇ ਚਰਚਾ ਹੁੰਦੀ ਰਹੀ। ਇਸ ਮਹਿਫ਼ਿਲ ਦੌਰਾਨ ਅੰਤਰ ਪੰਮਾ ਨੇ ਕਿਹਾ ਕਿ ਪੰਜਾਬ ਜਾਣ ਤੋਂ ਪਹਿਲਾਂ ਉਹ ਵੀ ਜਰਨੈਲ ਸਿੰਘ ਆਰਟਿਸਟ ਦੇ ਮਾਣ ਵਿਚ ਇਕ ਪਾਰਟੀ ਰੱਖਣਾ ਚਾਹੁੰਦੇ ਹਨ। ਇਸ ਪਾਰਟੀ ਲਈ 8 ਦਸੰਬਰ 2024 ਦਾ ਦਿਨ ਨਿਸ਼ਚਤ ਕਰ ਲਿਆ, 10 ਦਸੰਬਰ ਨੂੰ ਤਾਂ ਜਰਨੈਲ ਸਿੰਘ ਆਰਟਿਸਟ ਨੇ ਪੰਜਾਬ ਲਈ ਰਵਾਨਾ ਹੋ ਜਾਣਾ ਸੀ। ਜਰਨੈਲ ਸਿੰਘ ਸੇਖਾ, ਜਰਨੈਲ ਸਿੰਘ ਆਰਟਿਸਟ, ਮੋਹਨ ਗਿੱਲ, ਹਰਦਮ ਮਾਨ, ਅੰਗਰੇਜ਼ ਬਰਾੜ, ਗੁਰਮੇਲ ਰਾਏ ਅਤੇ ਹੋਰ ਕੁਝ ਮਿੱਤਰ ਅੰਤਰ ਪੰਮਾ ਦੇ ਨਿਵਾਸ 'ਤੇ ਇਕੱਠੇ ਹੋ ਗਏ।ਇਹ ਮਹਿਫ਼ਿਲ ਖ਼ੂਬ ਯਾਦਗਾਰੀ ਬਣੀ ਅਤੇ ਸਾਰੇ ਮਿੱਤਰਾਂ ਨੇ ਜਰਨੈਲ ਸਿੰਘ ਆਰਟਿਸਟ ਨੂੰ ਪੰਜਾਬ ਯਾਤਰਾ ਲਈ ਦਿਲੀ ਸ਼ੁੱਭ ਕਾਮਨਾਵਾਂ ਦਿੱਤੀਆਂ। ਜਰਨੈਲ ਸਿੰਘ ਆਰਟਿਸਟ ਚੰਡੀਗੜ੍ਹ ਪਹੁੰਚੇ ਗਏ। ਕੁਝ ਦਿਨਾਂ ਬਾਅਦ ਪਤਾ ਲੱਗਿਆ ਕਿ ਉਨ੍ਹਾਂ ਦੀ ਸਿਹਤ ਠੀਕ ਨਹੀਂ। ਮੋਹਨ ਗਿੱਲ, ਅੰਗਰੇਜ਼ ਬਰਾੜ ਅਤੇ ਮੈਂ ਵੀ ਫਰਵਰੀ-ਮਾਰਚ 2025 ਵਿਚ ਪੰਜਾਬ ਵਿਚ ਹੀ ਸਾਂ। ਮੋਹਨ ਗਿੱਲ ਦਾ ਇਕ ਦਿਨ ਫੋਨ ਆਇਆ ਕਿ ਜਰਨੈਲ ਸਿੰਘ ਆਰਟਿਸਟ ਦੀ ਬੀਮਾਰੀ ਗੰਭੀਰ ਹੈ ਅਤੇ ਉਹ ਫੋਰਟਿਸ ਹਸਪਤਾਲ ਵਿਚ ਜ਼ੇਰੇ-ਇਲਾਜ ਹਨ। ਫਿਰ 11 ਫਰਵਰੀ ਨੂੰ ਮਨਹੂਸ ਖ਼ਬਰ ਮਿਲੀ ਕਿ ਉਹ ਸਾਡੇ ਕੋਲੋਂ ਸਦੀਵੀ ਤੌਰ 'ਤੇ ਰੁਖ਼ਸਤ ਹੋ ਗਏ। ਸੱਚ ਨਹੀਂ ਆ ਰਿਹਾ ਸੀ ਕਿ ਦੋ ਮਹੀਨੇ ਪਹਿਲਾਂ ਹੱਸਦਾ ਖੇਡਦਾ ਆਇਆ ਸਾਡਾ ਪਿਆਰਾ ਆਰਟਿਸਟ ਜਰਨੈਲ ਸਿੰਘ ਇਉਂ ਸਦੀਵੀ ਤੌਰ 'ਤੇ ਅੱਖਾਂ ਮੀਚ ਜਾਵੇਗਾ। ਪਰ ਮੌਤ ਦੇ ਸੱਚ ਨੂੰ ਕੌਣ ਝੁਠਲਾ ਸਕਦਾ ਸੀ। ਅੰਤਰ ਪੰਮਾ ਦੇ ਘਰ ਉਨ੍ਹਾਂ ਨਾਲ ਬਿਤਾਏ ਪਲ ਵੈਨਕੂਵਰ ਵਿਚਾਰ ਮੰਚ ਦੇ ਸਾਰੇ ਮਿੱਤਰਾਂ ਲਈ ਆਖਰੀ ਅਤੇ ਬੇਹੱਦ ਯਾਦਗਾਰੀ ਪਲ ਬਣ ਗਏ।

ਅੱਜ ਜਦੋਂ ਮੈਂ ਜਰਨੈਲ ਸਿੰਘ ਆਰਟਿਸਟ ਨੂੰ ਯਾਦ ਕਰਦਾ ਹਾਂ, ਉਹ ਸਿਰਫ਼ ਇੱਕ ਕਲਾਕਾਰ ਹੀ ਨਹੀਂ, ਸਗੋਂ ਮੇਰੇ ਲਈ ਜੀਵੰਤ ਪ੍ਰੇਰਣਾ ਅਤੇ ਸਰੀ ਦੀ ਸਾਹਿਤਕ ਆਤਮਾ ਦਾ ਇੱਕ ਅਮਰ ਹਿੱਸਾ ਹਨ। ਉਨ੍ਹਾਂ ਨੇ ਸਾਡੇ ਸਾਹਿਤਕ, ਕਲਾਤਮਿਕ ਅਤੇ ਸਮਾਜਿਕ ਜੀਵਨ ਨੂੰ ਇੱਕ ਅਜਿਹਾ ਦ੍ਰਿਸ਼ਟੀਕੋਣ ਦਿੱਤਾ ਜੋ ਸਦੀਵੀ ਹੈ। ਉਨ੍ਹਾਂ ਦੀਆਂ ਯਾਦਾਂ ਸਿਰਫ਼ ਕਲਾ ਦੇ ਰੰਗਾਂ ਵਿੱਚ ਨਹੀਂ, ਸਗੋਂ ਦਿਲਾਂ ਵਿੱਚ ਵੀ ਜਿਉਂਦੀਆਂ ਹਨ। ਇਹ ਯਾਦਾਂ ਹਰ ਕਲਾਕਾਰ,ਸਾਹਿਤਕਾਰ, ਵਿਦਵਾਨ, ਕਲਾ-ਪ੍ਰੇਮੀ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਣਾ ਦਾ ਸੋਮਾ ਬਣੀਆਂ ਰਹਿਣਗੀਆਂ। ਜਰਨੈਲ ਸਿੰਘ ਸਾਡੇ ਦਰਮਿਆਨ ਸਰੀਰਕ ਤੌਰ 'ਤੇ ਨਹੀਂ ਰਹੇ ਪਰ ਉਹ ਹਰ ਉਸ ਅੱਖ ਵਿੱਚ ਜ਼ਿੰਦਾ ਰਹਿਣਗੇ ਜੋ ਉਨ੍ਹਾਂ ਦੀ ਕਲਾ ਨੂੰ ਮਹਿਸੂਸ ਕਰਦੀ ਹੈ। ਉਨ੍ਹਾਂ ਦੇ ਰੰਗ ਅਜੇ ਵੀ ਬੋਲਦੇ ਹਨ, ਉਨ੍ਹਾਂ ਦੇ ਚਿੱਤਰ ਅਜੇ ਵੀ ਸਵਾਲ ਪੁੱਛਦੇ ਹਨ ਅਤੇ ਉਨ੍ਹਾਂ ਦੀ ਚੁੱਪ ਅਜੇ ਵੀ ਸਾਨੂੰ ਬਹੁਤ ਕੁਝ ਸਿਖਾਉਂਦੀ ਹੈ।

**ਹਰਦਮ ਮਾਨ**

